# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ. ਏ. 1 (ਹਿਸਟਰੀ) ਸਮੈਸਟਰ ਦੂਜਾ

ਪੇਪਰ : ਭਾਰਤ ਦਾ ਇਤਿਹਾਸ 1000 ਈ. ਤੋਂ 1707 ਈ. ਤੱਕ ਯੂਨਿਟ : 1

ਮੀਡੀਅਮ : ਪੰਜਾਬੀ

ਪਾਠ ਨੰ.


1.1 : ਮੱਧ ਕਾਲੀਨ ਭਾਰਤ ਦਾ ਅਰਥ-ਕਾਲਵੰਡ ਅਤੇ ਮਹੱਤਤਾ

1.2 : ਮਹਿਮੂਦ ਗਜ਼ਨਵੀ ਦੇ ਹਮਲੇ ਅਤੇ ਪ੍ਰਭਾਵ

1.3 : ਮੁੰਹਮਦ ਗੌਰੀ ਦੀਆਂ ਉੱਤਰ-ਪੱਛਮੀ ਭਾਰਤੀ ਜਿੱਤਾਂ ਅਤੇ ਤੁਰਕਾਂ ਦੀ ਸਫਲਤਾ ਦੇ ਕਾਰਣ

1.4 : ਦਿੱਲੀ ਸਲਤਨਤ ਦੀ ਸਥਾਪਨਾ : ਇਲਤੁਤਮਿਸ਼

1.5 : ਬਲਬਨ ਅਧੀਨ ਦਿੱਲੀ ਸਲਤਨਤ

1.6 : ਅਲਾਉਦੀਨ ਖਿਲਜੀ : ਜਿੱਤਾਂ, ਰਾਜ ਪ੍ਰਬੰਧ ਅਤੇ ਸੁਧਾਰ

1.7 : ਮੁਹੰਮਦ ਤੁਗਲਕ ਅਤੇ ਉਸ ਵਲੋਂ ਰਾਜ ਪ੍ਰਬੰਧ ਲਈ ਤਜਰਬੇ

1.8 : ਫਿਰੋਜ਼ ਤੁਗਲਕ ਅਤੇ ਉਸ ਦੇ ਸੁਧਾਰ

1.9 : ਵਿਜੈ ਨਗਰ ਸਾਮਰਾਜ ਦਾ ਉਭਾਰ: ਰਾਜ ਪ੍ਰਬੰਧ ਤੇ ਪਤਨ ਦੇ ਕਾਰਣ


**Department website : www.pbidde.org**

**ਪਾਠ ਨੰ. 1.1** **ਸੈਕਸ਼ਨ – ਏ** **ਲੇਖਕ : ਨਾਜ਼ਰ ਸਿੰਘ**

## ਮੱਧ ਕਾਲੀਨ ਭਾਰਤ ਦਾ ਅਰਥ, ਕਾਲਵੰਡ ਅਤੇ ਮਹੱਤਤਾ

**ਪਾਠ ਦੀ ਬਣਤਰ :**
**ਉਦੇਸ਼ (Objectives)**
**ਜਾਣ-ਪਛਾਣ (Introduction)**
**ਅਰਥ (Meaning)**
**ਕਾਲਵੰਡ (Periodization)**
**ਸ੍ਰੋਤ ਜਾਂ ਇਤਿਹਾਸਕਾਰੀ (Sources or Historiography)**
**ਵਿਸ਼ੇਸ਼ਤਾਵਾਂ : ਰਾਜਨੀਤਕ, ਸਮਾਜਿਕ, ਆਰਥਿਕ ਤੇ ਧਾਰਮਿਕ ਆਦਿ**
**ਪਾਠ ਦੇ ਮੁੱਖ ਨੁਕਤੇ ਅਤੇ ਸ਼ਬਦ**
**ਛੋਟੇ ਤੇ ਵੱਡੇ ਪ੍ਰਸ਼ਨ**
**ਹੋਰ ਜਾਣਕਾਰੀ ਲਈ ਪੁਸਤਕਾਂ ਦੀ ਸੂਚੀ**

**ਉਦੇਸ਼ (Objectives) :**

(1) **ਮੱਧ ਕਾਲੀਨ ਭਾਰਤ (Medieval India) ਦੇ ਸ਼ੁਰੂਆਤੀ ਸਮੇਂ ਦਾ ਵਰਨਣ ਕਰਨਾ।**
(2) **ਮੱਧ ਕਾਲੀਨ ਭਾਰਤੀ ਇਤਿਹਾਸ ਦੀ ਪੇਸ਼ਕਾਰੀ ਵੇਲੇ ਸੋਮਿਆਂ ਅਤੇ ਭਾਸ਼ਾਵਾਂ ਬਾਰੇ ਚੇਤਨਾ ਪੈਦਾ ਕਰਨਾ।**
(3) **ਭਾਰਤੀ ਜੀਵਨ ਦੇ ਰਾਜਨੀਤਕ, ਸਮਾਜਿਕ, ਆਰਥਿਕ, ਸਭਿਆਚਾਰਕ, ਤਕਨੀਕੀ ਤੇ ਧਾਰਮਿਕ ਪੜਾਵਾਂ ਦੀ ਨਿਸ਼ਾਨਦੇਹੀ ਕਰਨਾ।**
(4) **ਦਿੱਲੀ ਸਲਤਨਤ ਦੀਆਂ ਪ੍ਰਾਪਤੀਆਂ ਅਤੇ ਔਕੜਾਂ ਦਾ ਵਰਨਣ ਕੀਤਾ ਜਾਵੇਗਾ।**

**ਜਾਣ ਪਛਾਣ ਜਾਂ ਅਰਥ ਮੱਧਕਾਲੀਨ ਭਾਰਤ ਦਾ :-**

ਪਿਆਰੇ ਵਿਦਿਆਰਥੀ ਪਰਚਾ ਏ ਅਧੀਨ 1000 ਈ. ਤੱਕ ਭਾਰਤ ਦਾ ਪ੍ਰਾਚੀਨ ਇਤਿਹਾਸ ਪੜ੍ਹ ਚੁੱਕੇ ਹਾਂ। ਤੁਹਾਡੇ ਇਸ ਪਰਚੇ ਦੇ ਪਾਠ ਨੰ. 01 ਵਿਚ ਦੱਸਿਆ ਗਿਆ ਸੀ ਕਿ ਪ੍ਰਾਚੀਨ ਭਾਰਤ ਦੀ ਖੋਜ ਜਾਂ **ਡਿਸ**ਕਵਰੀ ਵਿਦੇਸ਼ੀਆਂ ਤੇ ਭਾਰਤੀ ਵਿਦਵਾਨਾਂ ਨੇ 18ਵੀਂ ਅਤੇ 19ਵੀਂ ਸਦੀ ਵਿਚ ਕੀਤੀ ਭਾਵੇਂ ਕਿ ਖੋਜ ਦਾ ਕੰਮ ਅਜੇ ਵੀ ਜਾਰੀ ਹੈ। ਇਸ ਖੋਜ ਨੇ ਹੀ ਕਾਲਵੰਡ ਦਾ ਮੁੱਦਾ ਮਹੱਤਵਪੂਰਨ ਬਹਿਸ ਦਾ ਵਿਸ਼ਾ ਬਣਾਇਆ। ਤੁਹਾਨੂੰ ਦੱਸਿਆ ਗਿਆ ਸੀ ਕਿ ਬਰਤਾਨਵੀ ਇਤਿਹਾਸਕਾਰ **ਜੇਮਜ** ਮਿਲ ਨੇ ਪ੍ਰਾਚੀਨ ਭਾਰਤੀ ਇਤਿਹਾਸ ਨੂੰ ਹਿੰਦੂ ਕਾਲ ਆਖ ਦਿੱਤਾ। ਇੰਝ ਕਰਨ ਨਾਲ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਅੰਤਰ ਜਾਂ ਫਰਕ ਵਧਿਆ ਤੇ ਆਪਸੀ ਟੱਕਰ ਜਾਂ ਸੰਪਰਦਾਇਕਤਾ ਦਾ ਵਿਕਾਸ ਹੋਇਆ ਕਿਉਂਕਿ ਇਤਿਹਾਸ ਨੇ ਪ੍ਰਾਚੀਨ ਭਾਰਤ ਦੇ ਪਤਨ ਲਈ ਇਸਲਾਮ ਅਤੇ ਮੁਸਲਮਾਨਾਂ ਨੂੰ ਜ਼ਿੰਮੇਵਾਰ ਮੰਨ ਲਿਆ। ਨਤੀਜੇ ਵਜੋਂ ਮੱਧਕਾਲੀਨ ਭਾਰਤ ਦਾ ਜਨਮ ਮੁਸਲਮਾਨੀ ਹਮਲਾਵਰਾਂ ਦੇ ਆਗਮਨ ਜਾਂ ਆਉਣ ਨਾਲ ਜੋੜ ਦਿੱਤਾ ਗਿਆ। ਮਹਿਮੂਦ ਗਜ਼ਨਵੀ ਕਿਉਂਕਿ ਪਹਿਲਾ ਹਮਲਾਵਰ ਸੀ ਸੋ ਇਤਿਹਾਸਕਾਰਾਂ ਨੇ ਭਾਰਤੀ ਹੋਣ ਦੇ ਬਾਵਜੂਦ ਵੀ ਮੱਧਕਾਲੀਨ ਭਾਰਤ ਦੀ ਸ਼ੁਰੂਆਤ ਉਸ ਦੇ ਹਮਲਿਆਂ ਤੋਂ ਕੀਤੀ। ਇਸ ਦਾ ਸਿੱਧਾ ਮਤਲਬ ਸੀ ਕਿ ਭਾਰਤੀ ਇਤਿਹਾਸ ਦਾ ਮੱਧ ਕਾਲ 1000 ਈ. ਤੋਂ ਸ਼ੁਰੂ ਹੋਇਆ। ਆਰ.ਸੀ.ਮਜੂਮਦਾਰ, ਐਚ.ਸੀ.ਰੇਅ ਚੌਧਰੀ ਅਤੇ ਕੇ.ਕੇ. ਦੱਤ ਨੇ ਆਪਣੀ ਪੁਸਤਕ **ਮੱਧ ਕਾਲੀਨ ਭਾਰਤ ਭਾਗ ਦੂਜਾ** ਜਿਸ ਨੂੰ ਪੰਜਾਬੀ ਯੂਨੀਵਰਸਿਟੀ ਨੇ 1986 ਵਿਚ **ਭਾਰਤ ਦਾ ਬ੍ਰਿਹਤ ਇਤਿਹਾਸ** ਨਾਮ ਥੱਲੇ ਛਾਪੇ ਪਹਿਲੇ ਅਧਿਆਇ ਦਾ ਸ੍ਰੀਸ਼ਕ ਹੈ : **ਮੁਸਲਮਾਨਾਂ ਦਾ ਆਗਮਨ** (ਪੰਨੇ 01-06)। ਇਹ ਤਿੰਨੇ ਭਾਰਤੀ ਲੇਖਕ ਮੰਨ ਰਹੇ ਹਨ ਕਿ ਮੱਧਕਾਲੀ

ਭਾਰਤੀ ਇਤਿਹਾਸ ਮੂਲ ਰੂਪ ਵਿਚ ਮੁਸਲਮਾਨਾਂ ਦੇ ਆਉਣ ਜਾਂ ਹਮਲਿਆਂ ਨਾਲ ਸ਼ੁਰੂ ਹੋਇਆ। ਇਹ ਇਤਿਹਾਸਕਾਰ ਦੂਸਰੀ ਗਲਤੀ ਵੀ ਕਰਦੇ ਹਨ ਕਿਉਂਕਿ ਇਹ ਮੰਨਦੇ ਹਨ ਕਿ ਬਰਤਾਨਵੀ ਇਤਿਹਾਸਕਾਰ, **ਸਟੈਨਲੇ-ਲੇਨਪੂਲ** ਨੇ ਲਿਖਿਆ ਸੀ ਕਿ ਅਰਬਾਂ ਦੁਆਰਾ ਸਿੰਧ ਦੀ ਵਿਜੈ ਦਾ ਕੋਈ ਦੂਰ ਸਿੱਟਾ ਨਾ ਨਿਕਲਿਆ। ਸੋ ਇਹ ਅਰਬ ਜਿੱਤ ਇਸਲਾਮ ਦੇ ਇਤਿਹਾਸ ਵਿਚ ਇਕ ਪ੍ਰਸੰਗ ਮਾਤਰ ਅਤੇ ਇਕ ਲਾਭ ਰਹਿਤ ਜਿੱਤ ਦੇ ਰੂਪ ਵਿਚ ਸੀ।

ਸਾਨੂੰ ਪਤਾ ਹੈ ਕਿ ਅਰਬਾਂ ਦੀ ਮੀਰ ਕਾਸਿਮ ਅਧੀਨ ਜਿੱਤ 712-13 ਈ. 'ਚ ਹੋਈ ਸੀ। ਉਪਰੋਕਤ ਭਾਰਤੀ ਇਤਿਹਾਸਕਾਰ ਹੀ ਦੱਸਦੇ ਹਨ ਕਿ ਸਭਿਆਚਾਰਕ ਦ੍ਰਿਸ਼ਟੀ ਤੋਂ ਅਰਬਾਂ ਦੀ ਸਫਲਤਾ ਮਹੱਤਵਪੂਰਨ ਸੀ ਕਿਉਂਕਿ ਇਸ ਨੇ ਵਿਦੇਸ਼ਾਂ ਵਿਚ ਭਾਰਤੀ ਸਭਿਆਚਾਰ ਦੇ ਮੂਲ ਨੂੰ ਫੈਲਾਉਣਾ ਸੌਖਾ ਕਰ ਦਿੱਤਾ। "ਅਰਬਾਂ ਨੇ ਹਿੰਦੂਆਂ ਕੋਲੋਂ ਭਾਰਤੀ ਧਰਮ, ਦਰਸ਼ਨ, ਦਵਾਦਾਰੂ, ਹਿਸਾਬ, ਜੋਤਿਸ਼ ਅਤੇ ਲੋਕ-ਪਰੰਪਰਾ ਬਾਰੇ ਹੋਰ ਗਿਆਨ ਪ੍ਰਾਪਤ ਕੀਤਾ ਅਤੇ ਗਿਆਨ ਕੇਵਲ ਉਹ ਆਪਣੇ ਦੇਸ਼ ਹੀ ਨਹੀਂ ਸਗੋਂ ਯੂਰਪ ਵੀ ਲੈ ਗਏ।" ਮੱਧਕਾਲੀਨ ਭਾਰਤੀ ਇਤਿਹਾਸ ਨੂੰ ਕਿਹੜੀ ਘਟਨਾ ਜਾਂ ਮਿਤੀ ਤੋਂ ਸ਼ੁਰੂ ਕੀਤਾ ਜਾਵੇ ? ਇਸ ਔਕੜ ਦਾ ਜਵਾਬ ਇਤਿਹਾਸਕਾਰ ਇਰਫ਼ਾਨ ਹਬੀਬ ਨੇ ਆਪਣੀ ਪੁਸਤਕ **Medieval India – The Study of a Civilization** (2007) ਵਿਚ ਕੀਤੀ ਆਪਣੀ ਕਾਲਵੰਡ ਰਾਹੀਂ ਦਿੱਤਾ ਹੈ। ਕਾਲਵੰਡ ਪੇਸ਼ ਹੈ।

**ਹਬੀਬ ਦੁਆਰਾ ਕਾਲਵੰਡ :**

ਹਬੀਬ ਭਾਰਤੀ ਸਭਿਅਤਾ ਦੀ ਸਟੱਡੀ ਕਰ ਰਿਹਾ ਹੈ ਅਤੇ ਦੱਸਦਾ ਹੈ ਕਿ ਮੱਧਕਾਲੀ ਭਾਰਤੀ ਸਭਿਅਤਾ ਨੂੰ ਸਟੱਡੀ ਕਰਨ ਵੇਲੇ ਇਸ ਦੇ ਹੇਠ ਲਿਖੇ ਪਹਿਲੂ ਸ਼ਾਮਲ ਮੰਨੇ ਜਾਂਦੇ ਹਨ :

1) ਰਾਜਨੀਤਕ ਸੰਗਠਨ (Political Organization)
2) ਧਰਮ (Religion)
3) ਕਲਾ (Art) ਅਤੇ ਗਿਆਨ (Learning)
4) ਸਮਾਜਿਕ ਬਣਤਰਾਂ, ਆਰਥਿਕਤਾ (Economy) ਅਤੇ ਤਕਨੀਕ (Technology)

ਇਹ ਇਤਿਹਾਸਕਾਰ ਦੱਸਦਾ ਹੈ ਕਿ ਭਾਰਤੀ ਮੱਧਕਾਲੀਨ ਪੀਰੀਅਡ ਲੰਮਾ ਹੈ ਅਤੇ ਇਸ ਕਿਰਿਆ ਦੇ ਤਿੰਨ ਪੜਾਅ ਸਨ :

1) 600 ਤੋਂ 1200 ਈ. ਤੱਕ
2) 1200 ਈ. ਤੋਂ 1500 ਈ. ਤੱਕ
3) 1500 ਈ. ਤੋਂ 1750 ਈ. ਤੱਕ

ਹਬੀਬ ਨੇ ਆਪਣੀ ਪੁਸਤਕ ਦਾ ਪਹਿਲੇ ਅਧਿਆਇ ਦਾ ਨਾਮ **Indian Feudalism** ਰੱਖਿਆ ਹੈ ਅਤੇ ਉਹ ਸਾਨੂੰ ਦੱਸਦਾ ਹੈ ਕਿ 648 ਈ. ਤੱਕ ਸਮਰਾਟ ਹਰਸ਼ਵਰਧਨ ਦੀ ਮੌਤ ਹੋ ਗਈ, ਫਲਸਰੂਪ ਉੱਤਰੀ ਭਾਰਤ ਵਿਚਲਾ ਇਕ ਵਿਸ਼ਾਲ ਸਾਮਰਾਜ ਖਤਮ ਹੋ ਗਿਆ। ਇਹ ਪਤਨ 1206 ਈ. ਤੱਕ ਬਣਿਆ ਰਿਹਾ। ਇਸ ਤਰ੍ਹਾਂ 1206 ਈ. ਨੂੰ ਦਿੱਲੀ ਸਲਤਨਤ ਹੋਂਦ 'ਚ ਆਈ ਅਤੇ ਇਸ ਤਬਦੀਲੀ ਨੇ ਪ੍ਰਾਚੀਨ ਭਾਰਤ ਦੀ ਪਿਛਲੇਰੀ ਜਾਂ ਲੇਟ ਫੇਜ ਖਤਮ ਕਰ ਦਿੱਤੀ। ਹਬੀਬ ਲਿਖਦੇ ਹਨ ਕਿ ਇਸ ਪਿਛਲੇਰੀ ਫੇਜ ਨੂੰ ਅਸੀਂ **ਮੁੱਢਲਾ ਮੱਧਕਾਲੀਨ** (Early Medieval) ਫੇਜ ਹੀ ਆਖ ਸਕਦੇ ਹਾਂ। ਹਬੀਬ ਆਪ ਇਤਿਹਾਸਕਾਰਾਂ D.D.Kosambi ਅਤੇ R.S.Sharma ਨੂੰ ਸਵੀਕਾਰ ਕਰਦਾ ਹੈ ਅਤੇ 648 ਈ. ਤੋਂ 1200 ਈ. ਤੱਕ ਦੇ ਕਾਲ ਨੂੰ **ਭਾਰਤੀ ਸਾਮੰਤਵਾਦ** ਦਾ ਨਾਮ ਦਿੰਦਾ ਹੈ। ਭਾਰਤੀ ਸਾਮੰਤਵਾਦ ਦੀ ਵਿਆਖਿਆ ਸੁਰਿੰਦਰ ਸਿੰਘ ਨੇ ਵੀ ਕੀਤੀ ਹੈ।

**ਸੁਰਿੰਦਰ ਸਿੰਘ ਦੇ ਵਿਚਾਰ :**

1997 ਵਿਚ ਪੰਜਾਬੀ ਯੂਨੀਵਰਸਿਟੀ ਨੇ ਡਾ. ਸੁਰਿੰਦਰ ਸਿੰਘ ਦੀ ਪੁਸਤਕ **ਮੱਧਕਾਲੀਨ ਭਾਰਤ ਦਾ ਇਤਿਹਾਸ (1000-1526)** ਛਾਪੀ। ਇਸ ਪੁਸਤਕ ਦੀ **ਭੂਮਿਕਾ** ਮੱਧਕਾਲ ਸੰਬੰਧੀ ਬਹੁਤ ਮਹੱਤਵਪੂਰਨ ਹੈ। ਸੁਰਿੰਦਰ ਦੱਸਦੇ ਹਨ 1000 ਈ. ਤੋਂ 1526 ਈ. ਤੱਕ ਦਾ ਸਮਾਂ ਭਾਰਤੀ ਉਪ ਮਹਾਂਦੀਪ ਦੇ ਇਤਿਹਾਸ ਵਿਚ **ਮੁੱਢਲਾ ਮੱਧਕਾਲ** ਯੁੱਗ ਸੀ। ਇਸ ਵਿਚ ਸਾਮੰਤਵਾਦੀ ਪ੍ਰਵਿਰਤੀਆਂ ਮਜਬੂਤ ਹੋਈਆਂ ਅਤੇ ਰਾਜਤੰਤਰਾਂ ਦਾ ਵਿਘਟਨ ਹੋਇਆ। ਰਾਜਨੀਤਕ ਸ਼ਕਤੀ ਸਾਮੰਤ ਸ਼੍ਰੇਣੀ ਨੇ ਖੋਹ ਲਈ ਅਤੇ ਕਾਸ਼ਤਕਾਰ ਕਰਾਂ ਜਾਂ ਟੈਕਸਾਂ ਦੇ ਭਾਰ ਥੱਲੇ ਆਏ। ਹੋਰ ਮਾੜੀ ਘਟਨਾ ਸੀ ਕਿ ਵਪਾਰ ਨੂੰ ਸੱਟ ਲੱਗੀ ਅਤੇ ਤੰਗ ਇਲਾਕਾਪ੍ਰਸਤੀ ਜ਼ੋਰ ਫੜ੍ਹ ਗਈ। ਪਰੰਤੂ ਦਿੱਲੀ ਸਲਤਨਤ ਦੇ ਜਨਮ ਨੇ ਸਭ ਕੁਝ ਬਦਲ ਦਿੱਤਾ। **ਇਕਤਾ ਪ੍ਰਣਾਲੀ** ਰਾਹੀਂ ਸਾਮੰਤੀ ਨਿਜ਼ਾਮ ਤੋੜ ਦਿੱਤਾ

ਗਿਆ। ਸ਼ਕਤੀਆਂ ਦਾ ਕੇਂਦਰੀਕਰਨ ਹੋਇਆ ਤੇ ਵਿਸ਼ਾਲ ਰਾਜ ਹੋਂਦ 'ਚ ਆਇਆ। ਅਫਸਰਸ਼ਾਹੀ ਅਤੇ ਫੌਜੀ ਭਰਤੀ ਰਾਹੀਂ ਹਰ ਨਸਲ, ਕੌਮ ਅਤੇ ਫਿਰਕੇ ਕੁਲੀਨ ਵਰਗ ਬਣ ਗਏ। ਮੰਗੋਲ ਹਮਲਿਆਂ ਦਾ ਮੂੰਹ ਤੋੜ ਜਵਾਬ ਦਿੱਤਾ ਗਿਆ। ਜੰਗੀ ਘੋੜੇ ਤੇ ਹਾਥੀ ਪ੍ਰਸਿੱਧ ਹੋਏ। ਵਪਾਰ ਵਧਿਆ ਤੇ ਸ਼ਹਿਰੀਕਰਨ ਵੀ ਹੋਇਆ। ਇਨ੍ਹਾਂ ਹਾਲਤਾਂ ਵਿਚ ਇਕ ਨਵੀਂ ਧਾਰਮਿਕ ਲਹਿਰ ਵੀ ਪੈਦਾ ਹੋਈ। ਇਸ਼ਾਰਾ ਭਗਤੀ ਲਹਿਰ ਵੱਲ ਹੈ। ਇਹ ਕਿਰਤੀ ਅਤੇ ਕਿਰਸਾਣੀ ਨਾਲ ਜੁੜੀ ਹੋਈ ਸੀ।

**ਭੂਮਿਕਾ** ਦੱਸਦੀ ਹੈ ਕਿ **ਮੱਧਕਾਲੀ ਭਾਰਤੀ** ਇਤਿਹਾਸ ਨੇ 1970 ਵਿਚ ਮੁਹੰਮਦ ਹਬੀਬ ਤੇ ਖਲੀਕ ਅਹਿਮਦ ਨਿਜਾਮੀ ਦੁਆਰਾ ਰਚਿਤ ਪੁਸਤਕ **A Comprehensive History of India, Volume Five** ਪ੍ਰਾਪਤ ਕੀਤੀ। ਇਸ ਪੁਸਤਕ ਨੇ 1206 ਤੋਂ 1526 ਈ. ਤੱਕ **ਦਿੱਲੀ ਸਲਤਨਤ** ਦਾ ਇਤਿਹਾਸ ਸਮੇਟਿਆ ਅਤੇ ਹਰਮਨਪਿਆਰਾ ਬਣਾ ਦਿੱਤਾ।

ਪਿਆਰੇ ਵਿਦਿਆਰਥੀ ਸੋਚੋ :

(1) ਮੁੱਢਲਾ ਮੱਧਕਾਲ ਕਦੋਂ ਸ਼ੁਰੂ ਤੇ ਖਤਮ ਹੋਇਆ ?

(2) ਸਾਮੰਤਵਾਦੀ ਪ੍ਰਵਿਰਤੀਆਂ ਕੀ ਸਨ ?

(3) ਆਰ.ਸੀ.ਮਜੂਮਦਾਰ, ਰੇਅ ਚੌਧਰੀ ਅਤੇ ਕੇ.ਕੇ.ਦੱਤ ਦੇ ਮੱਧਕਾਲੀਨ ਭਾਰਤੀ ਇਤਿਹਾਸ ਬਾਰੇ ਕੀ ਵਿਚਾਰ ਸਨ ?

**ਮੱਧਕਾਲੀਨ ਇਤਿਹਾਸ ਦੀਆਂ ਮਹੱਤਵਪੂਰਨ ਮਿਤੀਆਂ :**

| | |
|---|---|
| 647–48 ਈ. | ਸਮਰਾਟ ਹਰਸ਼ਵਰਧਨ ਦੀ ਮੌਤ |
| 712 ਈ. | ਅਰਬਾਂ ਵਲੋਂ ਸਿੰਧ ਦੀ ਜਿੱਤ |
| 731 ਈ. | ਕਨੌਜ ਦੇ ਬਾਦਸ਼ਾਹ ਯਾਸੋਵਰਮਨ ਵਲੋਂ ਚੀਨ ਭੇਜੀ ਐਮਬੈਸੀ |
| 740 ਈ. | ਯਾਸੋਵਰਮਨ ਦੀ ਕਸ਼ਮੀਰ 'ਚ ਹਾਰ |
| 750 ਈ. | ਗੋਪਾਲਾ ਦੁਆਰਾ ਬੰਗਾਲ ਹਕੂਮਤ ਦੀ ਸਥਾਪਨਾ |
| 810 ਈ. | ਕਨੌਜ ਦੀ ਬੰਗਾਲ ਹੱਥੋਂ ਹਾਰ |
| 816 ਈ. | ਕਨੌਜ ਉੱਪਰ ਪ੍ਰਤੀਹਾਰਾਂ ਦਾ ਕਬਜਾ |
| 840–890 ਈ. | ਕਨੌਜ ਉੱਪਰ ਰਾਜਾ ਭੋਜ ਦਾ ਰਾਜ |
| 916 ਈ. | ਕਨੌਜ ਦੀ ਰਾਸ਼ਟਰਕੂਟਾਂ ਵਲੋਂ ਜਿੱਤ |
| 942–97 ਈ. | ਗੁਜਰਾਤ ਦਾ ਹੁਕਮਰਾਨ ਮੂਲਰਾਜ |
| 973–1048 ਈ. | ਅਲਬਰੂਨੀ ਪ੍ਰਸਿੱਧ ਵਿਗਿਆਨੀ ਦਾ ਕਾਲ |
| 997 ਈ. | ਸੁਲਤਾਨ ਮਹਿਮੂਦ ਗਜ਼ਨਵੀ ਦਾ ਸ਼ਕਤੀ 'ਚ ਆਉਣਾ ਗਜ਼ਨੀ ਵਿਚ |
| 1001 ਈ. | ਸੁਲਤਾਨ ਮਹਿਮੂਦ ਦੁਆਰਾ ਜੈ ਪਾਲ ਨੂੰ ਹਰਾ ਦੇਣਾ |
| 1008–09 ਈ. | ਮਹਿਮੂਦ ਦੀ ਕਾਂਗੜਾ ਜਿੱਤ ਤੇ ਅਨੰਦ ਪਾਲ ਦੀ ਹਾਰ |
| 1018–19 ਈ. | ਸੁਲਤਾਨ ਮਹਿਮੂਦ ਦਾ ਕਨੌਜ ਤੇ ਕਬਜਾ |
| 1018–60 ਈ. | ਮਾਲਵੇ ਦਾ ਰਾਜਾ ਭੋਜ ਰਾਜ ਕਰਦਾ ਸੀ |
| 1023 ਈ. | ਚੋਲਿਆਂ ਦਾ ਬੰਗਾਲ ਤੇ ਹਮਲਾ |
| 1030 ਈ. | ਸੁਲਤਾਨ ਮਹਿਮੂਦ ਦੀ ਮੌਤ |
| 1049–1100 ਈ. | ਕੀਰਤੀ ਵਰਮਨ ਚੰਦੇਲਾ ਦਾ ਰਾਜਾ |
| 1100–60 ਈ. | ਕਨੌਜ ਦਾ ਰਾਜਾ ਗੋਵਿੰਦ ਚੰਦਰ |
| 1143–72 ਈ. | ਗੁਜਰਾਤ ਉੱਪਰ ਚਾਲੂਕੀਆ ਰਾਜ |
| 1159–69 ਈ. | ਬੰਗਾਲ 'ਚ ਸੇਨਾ ਦਾ ਕਾਲ |
| 1182 ਈ. | ਪ੍ਰਿਥਵੀ ਰਾਜ ਦੁਆਰਾ ਪਰਮਲ ਚੰਦੇਲ ਨੂੰ ਮਾਤ |

1192 ਈ. ਪ੍ਰਿਥਵੀ ਰਾਜ ਦੀ ਹਾਰ ਅਤੇ ਮੌਤ

**ਮਹਿਮੂਦ ਗਜਨਵੀ ਦੇ ਹਮਲਿਆਂ ਤੱਕ ਭਾਰਤ ਦੇ ਰਾਜਨੀਤਕ ਰਾਜਾਂ ਦੀ ਗਿਣਤੀ ਬੇਅੰਤ (Countless Kingdoms) :**

ਤੁਸੀਂ ਜਾਣਦੇ ਹੋ 748 ਈ. ਤੱਕ ਸਮਰਾਟ ਹਰਸ਼ਵਰਧਨ ਦੀ ਮੌਤ ਹੋ ਚੁੱਕੀ ਸੀ, ਇਸ ਮਿਤੀ ਤੋਂ ਲੈ ਕੇ 1206 ਈ. ਜਾਂ ਦਿੱਲੀ ਸਲਤਨਤ ਦੇ ਜਨਮ ਤੱਕ ਕਿਸੇ ਵੀ ਭਾਰਤੀ ਰਾਜ ਵਿਚ ਪੱਕੀ ਵਿਦੇਸ਼ੀ ਸ਼ਕਤੀ ਕਾਬਜ ਨਹੀਂ ਸੀ। ਹਾਂ, **ਪੰਜਾਬ** ਦੀ ਸਥਿਤੀ ਵੱਖਰੀ ਸੀ ਪਰੰਤੂ ਭਾਰਤ ਦਾ ਬਾਕੀ ਵੱਡਾ ਹਿੱਸਾ ਇਸ ਭਿੰਨਤਾ ਬਾਰੇ ਸੁਚੇਤ ਨਹੀਂ ਸੀ। ਅਸਲ ਵਿਚ ਉਸ ਵੇਲੇ ਅਨੇਕਾਂ ਹਿੰਦੂ ਸ਼ਕਤੀਆਂ ਰਾਜ ਕਰ ਰਹੀਆਂ ਸਨ ਅਤੇ ਆਪਸ ਵਿਚ ਲੜ ਰਹੀਆਂ ਸਨ। ਫਿਰ ਵੀ ਅਨੇਕਾਂ ਛੋਟੀਆਂ ਛੋਟੀਆਂ ਰਿਆਸਤਾਂ ਕਲਾ ਜਾਂ ਭਵਨ ਨਿਰਮਾਣ ਅਤੇ ਸੰਸਕ੍ਰਿਤ ਭਾਸ਼ਾ ਸਮੇਤ ਸਾਹਿਤ ਦੀ ਤਰੱਕੀ ਲਈ ਸਹਾਇਤਾ ਕਰ ਰਹੀਆਂ ਸਨ। ਹਿੰਦੀ, ਬੰਗਾਲੀ ਤੇ ਗੁਜਰਾਤੀ ਭਾਸ਼ਾਵਾਂ ਵੀ ਵਧ-ਫੁਲ ਰਹੀਆਂ ਸਨ।

**ਰਾਜਾਂ ਦੀ ਵੰਡ :**

ਗੁਰਜਰਾ ਨੇ ਆਪਣੇ ਸੰਗੀਆਂ ਸੰਗ **ਰਾਜਸਥਾਨ** 'ਚ ਰਾਜਪੂਤ ਬਣ ਕੇ ਸ਼ਕਤੀ ਹਾਸਲ ਕਰ ਲਈ ਸੀ। 9ਵੀਂ ਤੇ 10ਵੀਂ ਸਦੀ ਵੇਲੇ ਗੁਰਜਰ-ਪ੍ਰਤੀਹਾਰ ਉੱਤਰ-ਪੱਛਮੀ ਭਾਰਤ 'ਚ ਕਾਫੀ ਸ਼ਕਤੀਸ਼ਾਲੀ ਸਨ।

ਬੰਗਾਲ ਪਾਲਾ ਵੰਸ ਅਧੀਨ ਸੀ। 400 ਸਾਲਾਂ ਤੱਕ ਪਾਲਾ ਵੰਸ ਸ਼ਕਤੀ ਵਾਲਾ ਸੀ ਭਾਵੇਂ ਕਿ **ਮਾਲਵਾ** ਅਤੇ ਗੁਜਰਾਤ ਤੇ ਅਨੇਕਾਂ ਹੋਰ ਰਿਆਸਤਾਂ ਵੱਖਰੀਆਂ ਹੀ ਸਨ।

**ਦੱਖਣ** ਜਾਂ ਦੱਖਣੀ ਭਾਰਤ ਨੇ ਅਨੇਕਾਂ ਵਾਰ ਉੱਤਰੀ ਭਾਰਤ ਜਾਂ ਹਿੰਦੁਸਤਾਨ ਤੇ ਅਨੇਕਾਂ ਹਮਲੇ ਕੀਤੇ। ਉਹ **ਗੰਗਾ ਘਾਟੀ** ਨੂੰ ਜਿੱਤਣ ਦੀ ਕੋਸ਼ਿਸ਼ ਕਰਦੇ ਸਨ। ਹਾਲਾਂ ਕਿ ਤਾਮਿਲ ਸ਼ਕਤੀ ਸ੍ਰੀ ਲੰਕਾ ਤੱਕ ਫੈਲੀ ਹੋਈ ਸੀ।

ਹਾਂ, ਰਾਜਨੀਤਕ ਵੰਡ ਕਾਰਨ **ਧਰਮ,** ਕਲਾ, **ਰੀਤੀ ਰਿਵਾਜ,** ਪ੍ਰਾਦੇਸ਼ਿਕ ਤਬਦੀਲੀਆਂ ਕਾਰਨ ਵੱਖਰੇ ਵੱਖਰੇ ਸਨ। ਫਲਸਰੂਪ ਰਾਜਨੀਤਕ ਤਰੱਕੀ ਜਾਂ ਏਕਤਾ ਨਹੀਂ ਸੀ। ਛੋਟੇ ਛੋਟੇ ਰਾਜੇ ਪੁਰਾਣੇ ਸਮਿਆਂ ਵਿਚ ਜੀਅ ਰਹੇ ਸਨ।

ਡਾਕਟਰ ਸੁਰਿੰਦਰ ਸਿੰਘ ਨੇ ਹਿੰਦੂ ਰਿਆਸਤਾਂ ਦੀ ਅਜਾਦੀ ਅਤੇ ਏਕਤਾ ਘਾਟ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ **ਮੁੱਢਲੇ** ਮੱਧਕਾਲ ਸਮੇਂ ਭਾਰਤ ਹੇਠ ਲਿਖੇ ਅਨੁਸਾਰ ਵੰਡਿਆ ਹੋਇਆ ਸੀ :

1) ਕਸ਼ਮੀਰ ਵਿਚ ਦੋ ਰਾਣੀਆਂ ਤੋਂ ਛੁੱਟ ਸਾਮੰਤਾਂ ਤੇ ਸੈਨਿਕ ਧੜਿਆਂ ਨੇ ਮੁੱਖ ਭੂਮਿਕਾ ਨਿਭਾਈ।
2) ਕਾਬਲ ਤੇ ਪੱਛਮੀ ਪੰਜਾਬ ਵਿਚ ਸ਼ਾਹੀ ਸ਼ਾਸਕਾਂ ਨੇ ਤੁਰਕ ਹਮਲਾਵਰਾਂ ਦਾ ਡੱਟ ਕੇ ਮੁਕਾਬਲਾ ਕੀਤਾ।
3) ਸਿੰਧ ਅੰਦਰ ਅਰਬ-ਸੱਤਾ ਸਥਾਈ ਰੂਪ ਨਾ ਧਾਰਨ ਕਰ ਸਕੀ ਪਰ ਅਰਬਾਂ ਦੇ ਹਮਲਾਵਰਾਂ ਦਾ ਡਰ ਭਾਰਤ ਦੇ ਪਰਦੇਸਾਂ ਉੱਪਰ ਮੰਡਲਾਉਂਦਾ ਰਿਹਾ।
4) ਉੱਤਰੀ ਭਾਰਤ ਨੂੰ ਜਿੱਤਣ ਲਈ ਤਿੰਨ ਵਿਸ਼ਾਲ ਸਾਮਰਾਜ ਆਪਸ ਵਿਚ ਸੰਘਰਸ਼ ਕਰਦੇ ਰਹੇ। ਇਹ ਤਿੰਨ ਸਨ (1) **ਪ੍ਰਤੀਹਾਰ** (2) **ਪਾਲ** ਅਤੇ (3) ਰਾਸ਼ਟਰਕੂਟ
5) ਤਿਕੋਣਾ ਸਾਮਰਾਜੀ ਸੰਘਰਸ਼ ਕਨੌਜ ਵਾਸਤੇ ਸੀ ਅਤੇ ਇਸ ਨੇ ਅਨੇਕਾਂ ਰਾਜਪੂਤ ਰਿਆਸਤਾਂ ਨੂੰ ਉੱਠਣ ਦਾ ਮੌਕਾ ਦਿੱਤਾ।
6) ਦੱਖਣੀ ਭਾਰਤ ਸ਼ਕਤੀਸ਼ਾਲੀ ਚੋਲਾ ਸਾਮਰਾਜ ਅਧੀਨ ਸੀ। ਇਸ ਕਰਕੇ ਭਾਰਤੀ ਸਮਾਜਿਕ ਵਿਕਾਸ ਦਾ ਕੇਂਦਰ ਉੱਤਰੀ ਭਾਰਤ ਨਹੀਂ ਸੀ ਸਗੋਂ ਦੱਖਣ ਜਾਂ Deccan ਹੀ ਸੀ।

**ਪਾਠ ਵਿਚ ਆਏ ਮਹੱਤਵਪੂਰਨ ਨੁਕਤੇ :**

1. ਮੱਧਕਾਲੀਨ ਭਾਰਤ ਕੇਵਲ ਸੁਲਤਾਨ ਮਹਿਮੂਦ ਗਜ਼ਨਵੀ ਦੇ ਹਮਲਿਆਂ ਕਾਰਨ ਨਹੀਂ ਹੋਂਦ 'ਚ ਆਇਆ। ਮੱਧਕਾਲ ਸਾਮੰਤੀ ਕਾਲ ਸੀ ਅਤੇ ਇਸ ਦੀ ਉਤਪਤੀ ਹਰਸ਼ਵਰਧਨ ਦੀ ਮੌਤ ਤੋਂ ਪਿੱਛੋਂ 1000 ਈ. ਤੱਕ ਸਾਹਮਣੇ ਆਈ।
2. ਬਰਤਾਨਵੀ ਤੇ ਕੁਝ ਭਾਰਤੀ ਇਤਿਹਾਸਕਾਰਾਂ ਨੇ ਪ੍ਰਾਚੀਨ ਭਾਰਤੀ ਕਾਲ ਨੂੰ ਹਿੰਦੂ ਮੰਨ ਲਿਆ ਤੇ ਮੱਧ ਕਾਲੀ ਯੁੱਗ ਨੂੰ ਮੁਸਲਮਾਨ ਇਤਿਹਾਸ ਆਖ ਦਿੱਤਾ। ਇੰਝ ਕਰਨ ਨਾਲ ਭਾਰਤੀ ਇਤਿਹਾਸ ਅਤੇ ਸਮਾਜ ਹਿੰਦੂ-ਮੁਸਲਮਾਨ

ਝਗੜੇ ਅਤੇ ਟੱਕਰ ਦਾ ਸਾਧਨ ਬਣ ਗਿਆ। ਵੰਡੋ ਤੇ ਰਾਜ ਕਰੋ ਦੀ ਸਾਮਰਾਜੀ ਬਰਤਾਨਵੀ ਨੀਤੀ ਘਾਤਕ ਸੀ। ਇਤਿਹਾਸਕਾਰਾਂ ਜਿਵੇਂ ਹਬੀਬ, ਕੋਸ਼ੰਮਬੀ ਅਤੇ ਆਰ.ਐਸ.ਸ਼ਰਮਾ ਨੇ ਇਸ ਘਾਤਕ ਨੀਤੀ ਨੂੰ ਠੁਕਰਾ ਦਿੱਤਾ।

3. ਪ੍ਰਾਚੀਨ ਭਾਰਤ ਅਤੇ ਮੱਧਕਾਲੀਨ ਭਾਰਤੀ ਇਤਿਹਾਸ ਵਿਚਕਾਰ 8ਵੀਂ ਤੇ 9ਵੀਂ ਸਦੀਆਂ ਵੇਲੇ ਮੁੱਢਲਾ ਮੱਧਕਾਲ ਜਾਂ ਪਿਛਲੇਰਾ ਪ੍ਰਾਚੀਨ ਕਾਲ ਆਉਂਦਾ ਹੈ। ਪਰੰਤੂ ਇਸ ਕਾਲ ਨੂੰ 1206 ਈ. 'ਚ ਦਿੱਲੀ ਸਲਤਨਤ ਦੇ ਜਨਮ ਹੀ ਖਤਮ ਕੀਤਾ।
4. 1206 ਈ. ਤੋਂ ਪਾਣੀਪਤ ਦੀ ਪਹਿਲੀ ਲੜਾਈ ਜਾਂ 1526 ਈ. ਤੱਕ ਮੱਧਕਾਲੀਨ ਭਾਰਤ ਦਾ ਸਮਾਂ ਸੀ। ਇਹ ਸਮਾਂ 1750 ਈ. ਤੱਕ ਕਾਇਮ ਰਿਹਾ। 18ਵੀਂ ਸਦੀ ਨੇ ਬਰਤਾਨਵੀ ਸਾਮਰਾਜ ਨੂੰ ਜਨਮ ਦਿੱਤਾ ਤੇ ਮੁਗਲ ਸਾਮਰਾਜ ਖਤਮ ਹੋ ਗਿਆ।

**ਪਾਠ 'ਚ ਆਏ ਤਕਨੀਕੀ ਸ਼ਬਦ :**

ਇਤਿਹਾਸਕਾਰੀ (Historiography)
ਮੁੱਢਲਾ ਮੱਧ–ਕਾਲ
ਸਾਮੰਤੀਵਾਦ (Feudalism)
ਭਾਰਤੀ ਸਾਮੰਤਵਾਦ ਦੀਆਂ ਵਿਸ਼ੇਸ਼ਤਾਵਾਂ
ਰਾਜ ਸ਼ਕਤੀਆਂ ਦੀ ਗਿਣਤੀ ਤੇ ਕਾਰਜ
ਅਰਬਾਂ ਦੀ ਸਿੰਧ ਦੀ ਜਿੱਤ
ਉੱਤਰੀ ਭਾਰਤ ਦੀਆਂ ਸਾਮਰਾਜੀ ਤਿੰਨ ਸ਼ਕਤੀਆਂ

**ਅਭਿਆਸ ਲਈ ਪ੍ਰਸ਼ਨ : ਛੋਟੇ ਪ੍ਰਸ਼ਨ**

1) ਮੱਧਕਾਲੀਨ ਭਾਰਤ ਤੋਂ ਕੀ ਭਾਵ ਹੈ ?
2) ਸਾਮੰਤਵਾਦ ਦੇ ਨਤੀਜੇ ਦੱਸੋ ?
3) ਬਰਤਾਨਵੀ ਇਤਿਹਾਸਕਾਰਾਂ ਦੀਆਂ ਗਲਤੀਆਂ ਕੀ ਸਨ ?
4) 1000 ਈ. ਤੱਕ ਭਾਰਤੀ ਸ਼ਕਤੀਆਂ ਦੀ ਵੰਡ ਦੱਸੋ ?
5) ਦਿੱਲੀ ਸਲਤਨਤ ਬਾਰੇ ਪਹਿਲੀ ਮਹੱਤਵਪੂਰਨ ਕਿਤਾਬ ਕਦੋਂ ਤੇ ਕਿਸ ਨੇ ਲਿਖੀ/ਛਾਪੀ ?

**ਲੰਮੇ ਪ੍ਰਸ਼ਨ :**

1) ਮੱਧਕਾਲੀਨ ਭਾਰਤੀ ਇਤਿਹਾਸ ਦੇ ਅਰਥ ਦੱਸੋ ਅਤੇ ਇਸ ਦੀ ਕਾਲ–ਵੰਡ ਦਾ ਵਰਨਣ ਕਰੋ।
2) ਭਾਰਤੀ ਸਾਮੰਤਵਾਦ ਦੀਆਂ ਧਾਰਮਿਕ ਤੇ ਸਾਹਿਤਕ ਪ੍ਰਾਪਤੀਆਂ ਦੀ ਵਿਆਖਿਆ ਕਰੋ।
3) 1000 ਈ. ਤੱਕ ਭਾਰਤੀ ਰਾਜਨੀਤਕ ਸਥਿਤੀ ਦਾ ਜ਼ਿਕਰ ਕਰੋ।

**ਹੋਰ ਜਾਣਕਾਰੀ ਲਈ ਵੇਖੋ :**

1) ਸੁਰਿੰਦਰ ਸਿੰਘ, **ਮੱਧਕਾਲੀਨ ਭਾਰਤ ਦਾ ਇਤਿਹਾਸ** (ਪੰਜਾਬੀ ਯੂਨੀ. ਪਟਿਆਲਾ : 1997), ਪੰਨੇ vii-ix ਅਤੇ 1–08
2) ਆਰ.ਸੀ.ਮਜੂਮਦਾਰ, ਰੇਅ ਚੌਧਰੀ ਅਤੇ ਕੇ.ਕੇ.ਦੱਤ, **ਭਾਰਤ ਦਾ ਬ੍ਰਿਹਤ ਇਤਿਹਾਸ** – (ਪੰਜਾਬੀ ਯੂਨੀ. ਪਟਿਆਲਾ : 1986), ਪੰਨੇ 01–06
3) Irfan Habib, **Medieval India : The Study of a Civilization** (National Book Trust India : 2008), ਪੰਨੇ vii-ix ਅਤੇ 03–10
4) Percival Spear, **The Oxford History of India** (Delhi : 1994), ਪੰਨੇ 197–211

ਪਾਠ ਨੰ. 1.2 ਲੇਖਕ : ਨਾਜ਼ਰ ਸਿੰਘ

# ਮਹਿਮੂਦ ਗਜ਼ਨਵੀ ਦੇ ਹਮਲੇ ਅਤੇ ਪ੍ਰਭਾਵ

**ਪਾਠ ਦੀ ਬਣਤਰ :**

**ਉਦੇਸ਼ (Objectives)**
**ਜਾਣ-ਪਛਾਣ (Introduction)**
**ਮਹਿਮੂਦ ਦਾ ਪਿਛੋਕੜ : ਖੁਰਾਸਾਨ ਤੇ ਗਜ਼ਨੀ**
**ਗਜ਼ਨੀ ਤੋਂ ਪਿਸ਼ਾਵਰ ਵੱਲ**
**ਸੁਲਤਾਨ ਮਹਿਮੂਦ ਅਤੇ ਪੰਜਾਬ**
**ਸਿੰਧ ਤੇ ਰਾਜਪੁਤਾਨਾ ਵੱਲ ਹਮਲੇ**
**ਜਮਨਾ ਪਾਰ ਜਾਂ ਗੰਗਾ ਵਾਦੀ ਵੱਲ ਜਾਣਾ**
**ਮਹਿਮੂਦ ਦਾ ਅੰਤ**
**ਪ੍ਰਾਪਤੀਆਂ ਤੇ ਪ੍ਰਭਾਵ**
**ਪਾਠ ਦੇ ਮੁੱਖ ਨੁਕਤੇ ਤੇ ਸ਼ਬਦ**
**ਛੋਟੇ ਤੇ ਵੱਡੇ ਪ੍ਰਸ਼ਨ**
**ਹੋਰ ਜਾਣਕਾਰੀ ਵਾਸਤੇ ਪੁਸਤਕ ਸੂਚੀ**

**ਉਦੇਸ਼ (Objectives) :**

(1) ਪੰਜਾਬ ਰਾਹੀਂ ਗਜ਼ਨੀ ਤੇ ਹਿੰਦੁਸਤਾਨੀ ਇਤਿਹਾਸ ਦੀ ਜਾਣਕਾਰੀ ਦੇਣਾ।

(2) ਸੁਲਤਾਨ ਮਹਿਮੂਦ ਦੇ ਚਰਿੱਤਰ ਦੀ ਪੇਸ਼ਕਾਰੀ ਕਰਨਾ।

(3) ਮੱਧਕਾਲੀਨ ਭਾਰਤੀ ਇਤਿਹਾਸ ਦਾ ਮੁੱਢਲਾ ਦੌਰ ਬਿਆਨ ਕੀਤਾ ਜਾਵੇਗਾ।

**ਮਹਿਮੂਦ ਦਾ ਪਿਛੋਕੜ :**

ਰਾਜਨੀਤਕ ਦ੍ਰਿਸ਼ਟੀਕੋਣ ਤੋਂ ਗਜ਼ਨੀ ਦੇ ਸੁਲਤਾਨਾਂ ਦੀ ਪੰਜਾਬ ਜਿੱਤ, ਸਿੰਧ ਘਾਟੀ ਵਿਚ ਅਰਬਾਂ ਦੀ ਹਕੂਮਤ ਸਥਾਪਨਾ ਨਾਲੋਂ ਕਿਧਰੇ ਵੱਧ ਮਹੱਤਵਪੂਰਨ ਸੀ। ਮਹਿਮੂਦ ਆਪ ਸਬੁਕਤਗੀਨ ਦਾ ਪੁੱਤਰ ਸੀ ਤੇਉਸ ਨੇ ਬਾਪ ਦੀ ਨੀਤੀ ਨੂੰ ਅੱਗੇ ਤੋਰਿਆ। ਇੰਝ ਜੰਗਾਂ ਰਾਹੀਂ ਕੀਤਾ ਗਿਆ। ਮਹਿਮੂਦ ਬਹਾਦਰ ਲੜਾਕਾ ਸੀ ਜਿਸ ਕਰਕੇ ਉਹ ਸੰਸਾਰ ਦੇ ਸਭ ਤੋਂ ਵੱਡੇ ਫੌਜੀ ਆਗੂਆਂ ਵਿਚੋਂ ਇਕ ਬਣ ਗਿਆ। ਉਸ ਦੀ ਸ਼ਖਸੀਅਤ ਦੇ ਹੇਠ ਲਿਖੇ ਹੋਰ ਗੁਣ ਵੀ ਸਨ :

(ੳ) ਠਰ੍ਹੰਮੇ ਤੇ ਸਾਹਸ ਵਾਲਾ ਮਨੁੱਖ ਸੀ।

(ਅ) ਜੁਗਤੀ-ਪੂਰਨ ਜਰਨੈਲ ਸੀ।

(ੲ) ਏਸ਼ੀਅਨ ਇਤਿਹਾਸ ਦੇ ਪਰਮ-ਦਿਲਚਸਪ ਵਿਅਕਤੀਆਂ ਵਿਚੋਂ ਇਕ ਤੇ ਭਾਰਤ ਦਾ ਜੇਤੂ ਹਮਲਾਵਰ ਅਤੇ ਤੁਰਕਾਂ ਵਿਰੁੱਧ ਚੇਤੇ ਰੱਖਣ ਵਾਲੀਆਂ ਚੜ੍ਹਾਈਆਂ ਦਾ ਸਿਹਰਾ ਵੀ ਉਸ ਦੇ ਸਿਰ ਜਾਂਦਾ ਹੈ। ਉਹ ਜੋਧਾ ਤੇ ਸੁਲਤਾਨ ਤਾਂ ਹੈ ਹੀ ਸੀ ਪਰੰਤੂ ਨਾਲ ਹੀ ਗਜ਼ਨੀ ਵਿਚ ਕਲਾ ਤੇ ਸਾਹਿਤ ਦਾ ਸਰਪ੍ਰਸਤ ਵੀ ਸੀ। ਗਜ਼ਨੀ ਖੂਬ ਵਿਕਸਤ ਹੋਈ।

**ਹਿੰਦੁਸਤਾਨ ਦੇ ਇਤਿਹਾਸਕਾਰਾਂ ਦੀ ਨਜ਼ਰ :**

ਉਪਰੋਕਤ ਗੁਣਾਂ ਦੀ ਅਣਗਹਿਲੀ ਕਰਦੇ ਹੋਏ ਹਿੰਦੁਸਤਾਨੀ ਇਤਿਹਾਸਕਾਰ ਮਹਿਮੂਦ ਨੂੰ ਹੇਠ ਲਿਖਿਆ ਚਰਿੱਤਰ ਦਿੰਦੇ ਹਨ :

(1) ਮਹਿਮੂਦ ਇਕ ਤਿਹਾਇਆ ਹਮਲਾਵਰ ਸੀ।

(2) ਉਹ ਨਾ ਤਾਂ ਧਰਮ ਪ੍ਰਚਾਰਕ ਸੀ ਤੇ ਨਾ ਹੀ ਇਕ ਸਾਮਰਾਜ ਦਾ ਉਸਰੱਈਆ।

(3) ਉਹ ਹਿੰਦ ਦੀ ਦੌਲਤ ਨੂੰ ਲੁੱਟਣ ਤੇ ਹੌਸਲੇ ਨੂੰ ਢਾਉਣ ਹੀ ਆਇਆ ਸੀ। ਉਹ ਦੇਸ਼ ਦਾ ਧਨ ਨਿਚੋੜ ਕੇ ਲੈ ਗਿਆ।

(4) ਸੁਲਤਾਨ ਗਜ਼ਨਵੀ ਦੇ ਹਮਲਿਆਂ ਨੇ ਪੰਜਾਬ ਤੇ ਕਬਜਾ ਕਰਕੇ ਭਾਰਤ ਦੇ ਬੂਹੇ ਖੋਲ੍ਹ ਦਿੱਤੇ। ਹਿੰਦੁਸਤਾਨ ਦੇ ਰਾਜਨੀਤਕ ਢਾਂਚੇ ਵਿਚ ਤ੍ਰੇੜਾਂ ਪੈ ਗਈਆਂ। ਦੋ ਸਦੀਆਂ ਪਿਛੋਂ ਗੰਗਾ ਘਾਟੀ ਦੇ ਰਾਜਾਂ ਨੂੰ ਬਰਬਾਦ ਕਰਨ ਵਾਲੇ ਹੋਰ ਹਮਲੇ ਹੋਏ।

10ਵੀਂ ਸਦੀ ਦੇ ਭਾਰਤੀ ਇਤਿਹਾਸ ਨੂੰ ਸਮਝਣ ਲਈ ਇਹ ਜਰੂਰੀ ਹੈ ਕਿ ਅਸੀਂ ਹੇਠ ਲਿਖੀਆਂ ਜਾਣਕਾਰੀਆਂ ਧਿਆਨ ਵਿਚ ਰੱਖੀਏ :

| | **ਮਹੱਤਵਪੂਰਨ ਵਿਅਕਤੀ** | **ਮਿਤੀਆਂ** | **ਸਥਾਨ** | **ਯੁੱਧ** |
|---|---|---|---|---|
| (ੳ) | ਅਲਪਤੀਗੀਨ | ਮੌਤ 963 ਈ. | ਗਜ਼ਨੀ | ਗਜ਼ਨੀ ਦੇ ਸੁਤੰਤਰ – ਰਾਜ ਦੀ ਸਥਾਪਨਾ ਕਰਨ ਵਾਲਾ |
| (ਅ) | ਸਬੁਕਤਗੀਨ | 20 ਅਪ੍ਰੈਲ 977 ਈ. | ਗਜ਼ਨੀ ਦੀ ਗੱਦੀ ਤੇ ਬੈਠਾ | 20 ਸਾਲ ਰਾਜ ਕੀਤਾ |
| (ੲ) | ਮਹਿਮੂਦ ਜਾਂ ਸਬੁਕਤਗੀਨ ਦਾ ਬੇਟਾ | 977–97 ਈ. ਵਿਚਕਾਰ | ਖੁਰਾਸਾਨ ਦਾ ਸੈਨਾਪਤੀ ਬਣਿਆ | 986 ਈ. 'ਚ ਮਹਿਮੂਦ ਤੇ ਜੈਪਾਲ ਵਿਚਕਾਰ ਨਮਗਾਨ ਤੇ ਗਜ਼ਨੀ ਵਿਚਾਲੇ ਯੁੱਧ ਹੋਇਆ |
| (ਸ) | ਜੈਪਾਲ | 986 ਈ. ਪੱਛਮੀ ਪੰਜਾਬ ਰਾਹੀਂ ਮਹਿਮੂਦ ਨਾਲ ਗੁਜਕ ਪਹਾੜ ਨੇੜੇ ਲੜਿਆ ਤੇ ਹਾਰ ਗਿਆ। | | 10 ਲੱਖ ਦਿਰਮ, 50 ਹਾਥੀ ਅਤੇ ਕੁਝ ਕਿਲੇ ਦੇ ਕੇ ਜੈਪਾਲ ਨੇ ਸਬੁਕਤਗੀਨ ਨਾਲ ਸਮਝੌਤਾ ਕੀਤਾ |
| (ਹ) | ਜੈਪਾਲ | 997 ਈ. | | ਲਮਗਾਨ ਤੋਂ ਪਿਸ਼ਾਵਰ ਤੱਕ ਦਾ ਇਲਾਕਾ ਜੈਪਾਲ ਸਬੁਕਤਗੀਨ ਨੂੰ ਹਾਰ ਗਿਆ |
| (ਕ) | ਅਬੁਲ ਕਾਸਮ ਮਹਿਮੂਦ | ਜਨਮ ਮਿਤੀ 2 ਨਵੰਬਰ 971 ਈ. | ਸਬੁਕਤਗੀਨ ਦਾ ਪੁੱਤਰ | |

ਵਿਦਿਆ ਬਚਪਨ ਦੀ : **ਕੁਰਾਨ, ਹਦੀਸ** ਤੇ ਰਾਜਨੀਤੀ ਨਾਲ ਨਾਲ ਘੋੜ ਸਵਾਰੀ ਤੇ ਤੀਰ ਅੰਦਾਜ਼ੀ। ਮਹਿਮੂਦ 994 ਈ. ਨੂੰ ਖੁਰਾਸਾਨ ਦਾ ਸੈਨਾਪਤੀ ਬਣਿਆ ਅਤੇ 996 ਈ. ਨੂੰ ਬੁਖਾਰਾ ਜਿੱਤ ਲਿਆ। 998 ਈ. ਨੂੰ ਮਹਿਮੂਦ ਨੇ ਗਜ਼ਨੀ ਤੇ ਕਬਜਾ ਕਰ ਲਿਆ।

(ਖ) **ਮਹਿਮੂਦ ਦੇ 998 ਈ. ਤੋਂ ਪਿਛੋਂ ਹਮਲੇ :**

ਇਨ੍ਹਾਂ ਦਾ ਜ਼ਿਕਰ ਇੰਜ ਕੀਤਾ ਜਾ ਸਕਦਾ ਹੈ :

| **ਮਿਤੀ** | **ਰਾਜੇ ਦਾ ਨਾਮ** | **ਯੁੱਧ ਤੇ ਸਥਾਨ** |
|---|---|---|
| 16 ਮਈ 999 ਈ. | ਅਬੁਲ ਕਾਸਮ ਸੰਜੂਰੀ | ਮਰਵ ਤੇ ਖੁਰਾਸਾਨ ਲਈ ਜੰਗ ਵਿਚ ਮਹਿਮੂਦ ਦੀ ਸਫਲਤਾ। |
| ਨਵੰਬਰ 999 ਈ. | ਖਲੀਫਾ ਅਲ ਕਾਦਿਰ ਬਿਲਾਹ ਨੇ ਮਹਿਮੂਦ ਨੂੰ ਦੋ ਖਿਤਾਬ ਸੌਂਪੇ– ਖਿਤਾਬ ਸਨ : 1. **ਯਮੀਨੁਲ ਦੌਲਤ** 2. **ਅਮੀਨੁਲ ਮਿਲਤ** | |

(1) 27 ਜਨਵਰੀ 1001 ਈ. ਨੂੰ ਪੇਸ਼ਾਵਰ ਨਜਦੀਕ ਮਹਿਮੂਦ ਦੀ ਨਵੀਂ ਛਾਉਣੀ ਬਣੀ ਅਤੇ ਜੈਪਾਲ ਨਾਲ ਹੋਇਆ ਯੁੱਧ। ਜੈਪਾਲ ਕੋਲ 12,000 ਘੋੜ ਸਵਾਰ, 30,000 ਪੈਦਲ ਸੈਨਿਕ ਤੇ 300 ਹਾਥੀ ਸਨ। ਮਹਿਮੂਦ ਕੋਲ 15,000 ਚੋਣਵੇਂ ਘੋੜ ਸਵਾਰ ਸਨ। ਘਮਸਾਨ ਦੀ ਜੰਗ 27 ਨਵੰਬਰ 1001 ਤੋਂ ਹੋਈ ਤੇ ਜੈਪਾਲ ਤੇ ਉਸ ਦੇ ਸਪੁੱਤਰ ਤੇ ਪੋਤਰੇ ਹਾਰ ਗਏ। ਜੈਪਾਲ ਨੇ ਮਹਿਮੂਦ ਨੂੰ 250,000 ਕਿਨਾਰ ਤੇ 25 ਹਾਥੀਆਂ ਦਾ ਹਰਜ਼ਾਨਾ ਦਿੱਤਾ ਤੇ ਆਪਣੇ ਪੁੱਤਰ ਤੇ ਪੋਤਰੇ ਨੂੰ **ਯਰਗਮਾਲ** ਬਣਾ ਦਿੱਤਾ। ਸਿੰਧ ਦਰਿਆ ਤੋਂ ਪਾਰ ਰਾਜ ਕਰ ਰਹੇ ਜੈਪਾਲ ਦੇ ਪੁੱਤਰ ਨੇ ਮਹਿਮੂਦ ਨਾਲ ਵੱਖਰਾ ਸਮਝੌਤਾ ਕਰ ਲਿਆ। ਇਸ ਤੋਂ ਨਿਰਾਸ਼ ਜੈਪਾਲ ਨੇ ਖੁਦਕਸ਼ੀ ਕਰ ਲਈ।

(2) 1002 ਤੋਂ 1003 ਈ. ਤੱਕ ਮਹਿਮੂਦ **ਸੀਸਤਾਨ** ਵਿਰੁੱਧ ਫੌਜੀ ਕਾਰਵਾਈਆਂ ਕਰਦਾ ਰਿਹਾ ਪਰ 1004 ਈ. ਵਿਚ ਜੇਹਲਮ ਦਰਿਆ ਦੇ ਪੱਛਮੀ ਕੰਢੇ ਉੱਪਰ ਸਥਿਤ **ਭੇਰਾ** ਨਗਰ ਤੇ ਚੜ੍ਹਾਈ ਕਰ ਦਿੱਤੀ। ਪੇਸ਼ਾਵਰ ਵਾਂਗ **ਭੇਰਾ** ਵੀ ਮਹੱਤਵਪੂਰਨ ਸ਼ਹਿਰ ਸੀ। ਬੀਜੇਰਾਏ ਦਾ ਰਾਜ ਸੀ। ਉਹ ਹਾਰ ਗਿਆ ਤੇ ਨੱਸ ਕੇ ਖੁਦਕਸ਼ੀ ਕਰ ਲਈ। **ਭੇਰਾ** ਵੀ ਰਾਜਸੀ ਸਾਮਰਾਜ ਦਾ ਹਿੱਸਾ ਜਾਂ ਅੰਸ਼ ਬਣ ਗਿਆ।

(3) 1005 ਈ. ਨੂੰ ਮਹਿਮੂਦ ਨੇ ਮੁਲਤਾਨ ਤੇ ਹਮਲਾ ਕੀਤਾ ਕਿਉਂਕਿ ਇਥੋਂ ਦੇ ਰਾਜੇ ਅਬੁਲ ਫਤਿਹ ਦਾਉਦ ਨੇ **ਭੇਰਾ** ਦੇ ਰਾਜੇ ਦੀ ਸਹਾਇਤਾ ਕਰਕੇ ਮਹਿਮੂਦ ਨੂੰ ਹਰਾਉਣ ਦਾ ਯਤਨ ਕੀਤਾ ਸੀ। 7 ਦਿਨਾਂ ਦੇ ਯੁੱਧ ਪਿਛੋਂ ਦਾਉਦ ਹਾਰ ਗਿਆ ਤੇ ਮਹਿਮੂਦ ਨੇ ਮੁਲਤਾਨ ਦੇ ਕਿਲ੍ਹੇ ਤੇ ਕਬਜਾ ਕਰ ਲਿਆ। ਮਹਿਮੂਦ ਨੇ 2 ਕਰੋੜ ਰੁਪਏ ਮੁਲਤਾਨ ਵਾਸੀਆਂ ਤੋਂ ਲੁੱਟੇ। ਅਨੇਕਾਂ ਮੁਸਲਮਾਨ ਮਾਰ ਦਿੱਤੇ ਗਏ ਤੇ ਉਨ੍ਹਾਂ ਦੀ ਮਸਜਿਦ ਢਾਹ ਦਿੱਤੀ। ਇਹ ਮੁਸਲਮਾਨ ਕਰਾਮਿਤਾਹ ਸਨ।

**ਸੁਖਪਾਲ ਅਤੇ ਮਹਿਮੂਦ :–**

ਗਜ਼ਨਵੀ ਸਾਮਰਾਜ ਤੇ ਪੰਜਾਬ 'ਚ ਸਥਾਈ ਸੰਪਰਕ ਕਾਇਮ ਕਰਨ ਲਈ ਮਹਿਮੂਦ ਨੇ ਮੁਲਤਾਨ ਤੋਂ ਵਾਪਸ ਆਉਂਦਿਆਂ ਹੀ ਹਿੰਦ ਦੇ ਮਾਮਲਿਆਂ ਦਾ ਪ੍ਰਬੰਧ ਅਨੰਦਪਾਲ ਦੇ ਪੁੱਤਰ ਸੁਖਪਾਲ ਦੇ ਸਪੁਰਦ ਕਰ ਦਿੱਤਾ। ਸੁਖਪਾਲ ਇਸਲਾਮ ਕਬੂਲ ਕਰ ਚੁੱਕਿਆ ਸੀ ਤੇ ਮਹਿਮੂਦ ਨੇ ਉਸ ਨੂੰ **ਭੇਰਾ** ਵਿਚ ਤਾਇਨਾਤ ਕੀਤਾ ਸੀ। **ਭੇਰਾ** ਸਿੰਧ ਦਰਿਆ ਦੇ ਪੂਰਬ ਵੱਲ ਸੀ। ਸੁਖਪਾਲ ਨੇ ਛੇਤੀ ਹੀ ਮਹਿਮੂਦ ਵਿਰੁੱਧ ਬਗਾਵਤ ਕਰ ਦਿੱਤੀ ਅਤੇ ਆਪਣੇ ਨਵੇਂ ਧਰਮ ਨੂੰ ਤਿਆਗ ਦਿੱਤਾ। ਇਸ ਘਟਨਾ ਦੀ ਖ਼ਬਰ ਮਿਲਦਿਆਂ ਹੀ ਸੰਨ 1007 ਈ. ਨੂੰ ਮਹਿਮੂਦ ਨੇ ਪੂਰਬ ਦਿਸ਼ਾ ਵੱਲ ਵਧਣਾ ਸ਼ੁਰੂ ਕਰਕੇ ਸੁਖਪਾਲ ਨੂੰ ਭਜਾ ਦਿੱਤਾ ਤੇ ਜਲਦੀ ਹੀ ਬੰਦੀ ਬਣਾ ਲਿਆ ਗਿਆ। ਸੁਲਤਾਨ ਮਹਿਮੂਦ ਨੇ ਉਸ ਤੋਂ 4 ਲੱਖ ਕਿਰਮਾਂ ਦਾ ਜੁਰਮਾਨਾ ਵਸੂਲ ਕੀਤਾ ਤੇ ਜੇਲ੍ਹ ਵਿਚ ਵੀ ਸੁੱਟ ਦਿੱਤਾ।

**ਮਹਿਮੂਦ ਅਤੇ ਅਨੰਦਪਾਲ (1008 ਈ.) :–**

ਮਹਿਮੂਦ ਤੇ ਅਨੰਦਪਾਲ ਦੀ ਦੋਸਤੀ 1008 ਈ. 'ਚ ਖਤਮ ਹੋ ਗਈ ਕਿਉਂਕਿ ਅਨੰਦਪਾਲ ਨੇ ਮਹਿਮੂਦ ਦੀ ਮੁਲਤਾਨ ਜਿੱਤ 'ਚ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ ਸੀ। ਮਹਿਮੂਦ ਨੇ 31 ਦਸੰਬਰ 1008 ਈ. ਨੂੰ ਸਿੰਧ ਪਾਰ ਕੀਤਾ ਅਤੇ **ਉਹਿੰਦ** ਸਥਾਨ ਦੇ ਨਜਦੀਕ ਸ਼ਾਹੀ ਸੈਨਾ ਦਾ ਅਨੰਦਪਾਲ ਦੇ ਪੁੱਤਰ ਨਾਲ ਮੁਕਾਬਲਾ ਹੋਇਆ। ਪੁੱਤਰ ਦਾ ਨਾਮ ਬਰਾਹਮਣਪਾਲ ਸੀ। ਰਣ-ਭੂਮੀ ਵਿਚ ਖੂਨ ਖਰਾਬਾ ਹੋਇਆ। ਭਾਰਤੀ ਸੈਨਿਕ ਮੈਦਾਨ 'ਚੋਂ ਨੱਸ ਗਏ ਤੇ ਪੂਰਬ ਦੇ ਪਹਾੜਾਂ ਵੱਲ ਨਿਕਲ ਗਏ। ਮਹਿਮੂਦ ਉਨ੍ਹਾਂ ਦਾ ਪਿੱਛਾ ਕਰਦਾ ਹੋਇਆ **ਨਗਰਕੋਟ** ਜਾਂ ਕਾਂਗੜਾ ਦੇ ਮਸ਼ਹੂਰ ਦੁਰਗ ਜਾਂ ਕਿਲ੍ਹੇ ਤੱਕ ਪਹੁੰਚ ਗਿਆ।

**ਕਾਂਗੜਾ ਦੀ ਹਾਰ :–**

ਸਦੀਆਂ ਤੋਂ ਸ਼ਰਧਾਲੂ ਨਗਰਕੋਟ ਮੰਦਰ ਦੀ ਪੂਜਾ ਕਰਦੇ ਤੇ ਕੀਮਤੀ ਵਸਤਾਂ ਭੇਟ ਕਰਦੇ ਆ ਰਹੇ ਸਨ। ਮਹਿਮੂਦ ਨੇ ਦੁਰਗ ਅੰਦਰ ਦਾਖਲ ਹੋ ਕੇ ਤਮਾਮ ਖ਼ਜਾਨਾ ਜਾਂ ਭੰਡਾਰ ਬਟੋਰ ਲਿਆ ਜਿਸ ਵਿਚ 7 ਕਰੋੜ ਮੋਹਰੀ ਸਿੱਕੇ, 70,000 ਮਣ ਸੋਨੇ ਤੇ ਚਾਂਦੀ ਦੀਆਂ ਟੁਕੜੀਆਂ, 30 ਗਜ ਲੰਬਾ ਤੇ 15 ਗਜ ਚੌੜਾ ਚਾਂਦੀ ਘਰ, ਅਣਗਿਣਤ ਕਢਾਈਦਾਰ ਪੁਸ਼ਾਕਾਂ ਆਦਿ ਸ਼ਾਮਲ ਸਨ। ਲੁੱਟੇ ਮਾਲ ਦੀ ਨੁਮਾਇਸ਼ ਮਹਿਮੂਦ ਨੇ ਗਜ਼ਨੀ ਵਿਚਲੇ ਆਪਣੇ ਮਹਿਲ 'ਚ ਲਗਾਈ ਜਿਸ ਨੂੰ ਵੇਖ ਕੇ ਵਿਦੇਸ਼ੀ ਰਾਜਦੂਤਾਂ ਨੂੰ ਅਚੰਭਾ ਹੋਇਆ।

ਅਨੰਦਪਾਲ ਨੇ ਫਿਰ ਮਹਿਮੂਦ ਨਾਲ ਦੋਸਤੀ ਬਣਾ ਲਈ ਤੇ ਤੋਹਫਿਆਂ ਦੇ ਰੂਪ 'ਚ 50 ਹਾਥੀ ਤੇ 2000 ਸੈਨਿਕਾਂ ਨਾਲ ਮਹਿਮੂਦ ਦੀ ਸੇਵਾ ਕਰਨ ਲੱਗਿਆ। ਇਸੇ ਦੋਸਤੀ ਕਾਰਨ ਹੁਣ ਮਹਿਮੂਦ ਦੀ ਸੈਨਾ ਉਸ ਦੇ ਰਾਜ ਖੇਤਰ ਰਾਹੀਂ ਜਮਨਾ ਪਾਰ ਦੇ ਇਲਾਕਿਆਂ ਉੱਤੇ ਹਮਲਾ ਕਰ ਸਕਦੀ ਸੀ।

**ਅਲਵਰ ਜਾਂ ਰਾਜਪੂਤਾਣਾ ਵੱਲ :–**

1009 ਈ. ਨੂੰ ਮਹਿਮੂਦ ਨੇ ਨਰਾਇਣਪੁਰ ਤੇ ਚੜ੍ਹਾਈ ਕਰ ਦਿੱਤੀ। ਇਹ ਸਥਾਨ ਰਾਜਪੁਤਾਨਾ ਦੀ ਅਲਵਰ ਰਿਆਸਤ ਵਿਚ ਸੀ। ਮਹਿਮੂਦ ਮੁਲਤਾਨ ਤੇ ਬਠਿੰਡਾ ਦੇ ਰਸਤੇ ਗੰਗਾ–ਜਮਨਾ–ਦੁਆਬ ਲਈ ਰਸਤਾ ਖੋਲ ਰਿਹਾ ਸੀ। ਇਸ ਤਰ੍ਹਾਂ ਮੁਲਤਾਨ ਦਾ ਇਲਾਕਾ ਵੀ ਗਜ਼ਨੀ ਸਾਮਰਾਜ ਦਾ ਹਿੱਸਾ ਬਣ ਗਿਆ।

**ਸਿੰਧ ਨਦੀ ਤੋਂ ਪਾਰ ਜਾਂ ਸਿੰਧ ਸਾਗਰ ਦੁਆਬ (1013 ਈ.) :–**

ਸਿੰਧ ਨਦੀ ਨੂੰ ਪਾਰ ਕਰਕੇ ਮਹਿਮੂਦ ਨੇ **ਕੋਹੇ ਜੂਦ** ਸਥਿਤ ਨੰਦਨਾ ਤੇ ਹਮਲਾ ਕੀਤਾ। ਇਲਾਕੇ ਦੀ ਰਾਖੀ ਤ੍ਰਿਲੋਚਨ ਪਾਲ ਨੇ ਆਪਣੇ ਪੁੱਤਰ ਰਾਹੀਂ ਕੀਤੀ ਸੀ। ਪੁੱਤਰ ਦਾ ਨਾਮ ਭੀਮ ਪਾਲ ਸੀ। ਜਬਰਦਸਤ ਮੁਕਾਬਲਾ ਕਰਦੇ ਹੋਏ ਭੀਮ ਪਾਲ ਹਾਰ ਗਏ ਹਾਲਾਂ ਕਿ ਤ੍ਰਿਲੋਚਨਪਾਲ ਨੇ ਕਸ਼ਮੀਰ ਤੋਂ ਵੀ ਸਹਾਇਤਾ ਪ੍ਰਾਪਤ ਕੀਤੀ ਹੋਈ ਸੀ। ਯੁੱਧ ਦਾ ਨਤੀਜਾ ਸੀ ਕਿ ਮਹਿਮੂਦ ਦਾ ਸਾਰੇ ਸਿੰਧ ਸਾਗਰ ਦੁਆਬ ਉੱਪਰ ਕਬਜਾ ਹੋ ਗਿਆ।

ਇਸ ਤਰ੍ਹਾਂ ਪਿਛਲੇ ਪੰਦਰਾਂ ਸਾਲਾਂ ਦੌਰਾਨ ਮਹਿਮੂਦ ਨੇ ਸੈਨਿਕ ਕਾਰਵਾਈਆਂ ਰਾਹੀਂ ਉੱਤਰ–ਪੱਛਮੀ ਪੰਜਾਬ ਵਿਚ ਆਪਣਾ ਗਲਬਾ ਕਾਇਮ ਕਰ ਲਿਆ। ਹੁਣ ਉਸ ਲਈ ਸਤਲੁਜ ਪਾਰ ਕਰਕੇ ਜਮਨਾ ਵੱਲ ਜਾਣਾ ਜਰੂਰੀ ਸੀ।

**ਸਤਲੁਜ ਪਾਰ ਜਾਂ ਥਾਨੇਸਰ ਤੇ ਹਮਲਾ (1014 ਈ.) :–**

ਥਾਨੇਸਰ ਦੇ ਹੁਕਮਰਾਨਾਂ ਤੋਂ ਸੀਲਾਮਨ ਨਸਲ ਦੇ ਹਾਥੀ ਪ੍ਰਾਪਤ ਕਰਨ ਲਈ ਮਹਿਮੂਦ ਨੇ 1014 ਈ. ਵਿਚ ਹਮਲਾ ਕਰ ਦਿੱਤਾ। ਇਸ ਧਾਰਮਿਕ ਸਥਾਨ ਉੱਪਰ ਚਕਰਸੁਆਮੀ ਦੇਵਤਾ ਦੀ ਮੂਰਤੀ ਸਥਾਪਤ ਸੀ। ਮਹਿਮੂਦ ਦੇ ਸੈਨਿਕ ਸਤਲੁਜ ਦੇ ਦੋਹੀਂ ਪਾਸੀਂ ਸਨ ਤੇ ਤਿੰਨ ਟੁਕੜੀਆਂ ਹਮਲਾ ਕਰ ਰਹੀਆਂ ਸਨ। ਮਹਿਮੂਦ ਜਿੱਤ ਗਿਆ ਤੇ ਉਸ ਨੇ ਚਕਰਸੁਆਮੀ ਦੀ ਮੂਰਤ ਉਖਾੜ ਕੇ ਗਜ਼ਨੀ ਭੇਜ ਦਿੱਤੀ।

**ਕਸ਼ਮੀਰ ਦੀ ਮੁਹਿੰਮ (1015 ਈ.) :–**

ਮਹਿਮੂਦ ਆਪਣੀ ਕਸ਼ਮੀਰ ਮੁਹਿੰਮ ਵਿਚ ਸਫ਼ਲ ਨਹੀਂ ਸੀ ਹੋਇਆ ਕਿਉਂਕਿ ਉਸ ਦੀ ਸੈਨਾ ਭਾਰੀ ਬਰਫਬਾਰੀ ਦੀ ਮਾਰ ਨਾ ਝੱਲ ਸਕੀ।

**ਗੰਗਾ–ਜਮਨਾ ਦੁਆਬ :–**

ਉਪਜਾਊ ਭੂਮੀ ਗੰਗਾ–ਜਮਨਾ ਦੁਆਬ ਤੇ ਹਮਲਾ ਕਰਨ ਵਾਸਤੇ ਮਹਿਮੂਦ ਨੇ ਵਿਆਪਕ ਯੋਜਨਾ ਬਣਾਈ। ਉਹ ਇਕ ਲੱਖ ਘੋੜਸਵਾਰ, ਵੀਹ ਹਜ਼ਾਰ ਪੈਦਲ ਸੈਨਿਕਾਂ ਨਾਲ ਪੰਜਾਬ ਦੇ ਦਰਿਆਵਾਂ ਨੂੰ ਪਾਰ ਕਰ ਗਿਆ। 3 ਮਹੀਨਿਆਂ ਦੇ ਕੂਚ ਦੌਰਾਨ ਰਸਤੇ 'ਚ ਆਏ ਸਾਰੇ ਕਿਲ੍ਹੇ ਜਿੱਤ ਲਏ ਅਤੇ 2 ਦਸੰਬਰ 1018 ਈ. ਨੂੰ ਜਮਨਾ ਪਾਰ ਕੀਤੀ। ਬੁਲੰਦ ਸ਼ਹਿਰ ਤੇ ਧਾਵਾ ਬੋਲ ਦਿੱਤਾ। ਹਰਦੱਤ ਨਾਂ ਦੇ ਸਥਾਨਕ ਮੁਖੀ ਨੇ ਆਪਣੇ 10,000 ਸਾਥੀਆਂ ਸਮੇਤ ਇਸਲਾਮ ਕਬੂਲਣ ਦੀ ਖਾਹਿਸ਼ ਪ੍ਰਗਟ ਕੀਤੀ। ਜੰਗਲ ਨੂੰ ਪਾਰ ਕਰਦਾ ਮਹਿਮੂਦ **ਮਹਾਂਬਨ** ਵੱਲ ਵਧਿਆ। ਸਥਾਨਕ ਹੁਕਮਰਾਨ ਗੁਲਚੰਦਰ ਨੇ ਹਾਰ ਮੰਨ ਲਈ ਤੇ ਖੁਦਕਸ਼ੀ ਵੀ ਕੀਤੀ।

ਮਹਿਮੂਦ ਦਾ ਅਗਲਾ ਨਿਸ਼ਾਨਾ ਮਥੁਰਾ ਸ਼ਹਿਰ ਸੀ। ਮੰਦਰਾਂ ਦਾ ਇਹ ਸ਼ਹਿਰ ਵਿਸ਼ਾਲ ਸੀ। ਮਹਿਮੂਦ ਨੇ ਅਨੇਕਾਂ ਭਵਨਾਂ ਨੂੰ ਤੋਪਖਾਨੇ ਰਾਹੀਂ ਮਿੱਟੀ ਵਿਚ ਮਿਲਾ ਦਿੱਤਾ। ਉਸ ਨੂੰ 98,300 ਮਿਸ਼ਕਲ ਸੋਨਾ ਤੇ 200 ਚਾਂਦੀ ਦੀਆਂ ਮੂਰਤੀਆਂ ਪ੍ਰਾਪਤ ਹੋਈਆਂ।

ਮਥਰਾ ਤੋਂ ਬਾਅਦ **ਕਾਨੌਜ** ਦੀ ਵਾਰੀ ਸੀ। 20 ਦਸੰਬਰ 1018 ਨੂੰ ਮਹਿਮੂਦ ਕਾਨੌਜ ਪਹੁੰਚਿਆ। ਸ਼ਹਿਰ ਦੇ ਸੱਤ ਦੁਰਗ ਜਿੱਤੇ ਗਏ ਤੇ ਹੁਕਮਰਾਨ ਨੱਸ ਗਿਆ। ਕਾਨੌਜ ਵਲੋਂ ਵਾਪਸੀ ਵੇਲੇ ਮਹਿਮੂਦ ਨੇ ਅਨੇਕਾਂ ਛੋਟੀਆਂ ਰਿਆਸਤਾਂ ਨੂੰ ਨਸ਼ਟ ਕਰ ਦਿੱਤਾ। ਉਸ ਦੀ ਲਸ਼ਕਰ ਜਾਂ ਫੌਜ ਨੇ 6 ਜਨਵਰੀ 1019 ਈ. ਦੀ ਰਾਤ ਨੂੰ ਜੰਗਲ ਵਿਚ 50 ਮੀਲ ਸਫ਼ਰ ਤਹਿ ਕੀਤਾ।

**ਕਾਲੰਜਰ :–**

ਕਾਲੰਜਰ ਵੀ ਕਾਨੌਜ ਦੇ ਪ੍ਰਤੀਗਰ ਸ਼ਾਸਕ ਦੇ ਪ੍ਰਭਾਵ ਵਾਲੇ ਪਰ ਚੰਦੇਲਾ ਅਧੀਨ ਸੀ। ਰਾਜੇ ਦਾ ਨਾਮ ਗੰਢਾ ਸੀ। ਉਸ ਨੂੰ ਗਵਾਲੀਅਰ ਦੇ ਰਾਜੇ ਦਾ ਸਮਰਥਨ ਪ੍ਰਾਪਤ ਸੀ। ਰਾਜੇ ਦੀ ਹਾਰ ਹੋਈ। ਜੇਤੂ ਮਹਿਮੂਦ ਨੇ ਉਸ ਦੀ ਛਾਉਣੀ ਲੁੱਟ ਕੇ 580 ਹਾਥੀ ਪ੍ਰਾਪਤ ਕੀਤੇ।

ਪੰਜਾਬ ਵਿਚ ਆਪਣੀ ਸਥਿਤੀ ਮਜਬੂਤ ਕਰਨ ਲਈ ਮਹਿਮੂਦ ਨੇ **ਲੋਹਕੋਟ** ਜਾਂ ਕਸ਼ਮੀਰ ਤੇ ਫਿਰ ਹਮਲਾ ਕੀਤਾ ਅਤੇ ਇਸ ਤੋਂ ਬਾਅਦ ਕਾਲੰਜਰ 1023 ਈ. ਨੂੰ ਫਿਰ ਜਿੱਤ ਕੇ ਆਪ ਗਜ਼ਨੀ ਪਹੁੰਚਿਆ।

**ਸੋਮਨਾਥ :–**

ਮਹਿਮੂਦ ਨੇ ਖੁਰਾਸਾਨ ਵਿਚ ਆਪਣੀ ਸਥਿਤੀ ਮਜਬੂਤ ਕੀਤੀ ਤੇ ਫਿਰ ਗੁਜਰਾਤ ਵੱਲ ਵਧਿਆ। ਅਕਤੂਬਰ 1025 ਈ. ਨੂੰ ਉਸ ਦੀ ਵਿਸ਼ਾਲ ਫੌਜ ਲਦਰਵਾ, ਜੈਸਲਮੇਰ, ਅਨਹਿਲਵਾੜਾ, ਮੁਢੇਰ ਤੇ ਦੇਵਲਵਾੜਾ ਨੂੰ ਪਾਰ ਕਰਦੀ 6 ਜਨਵਰੀ 1026 ਈ. ਨੂੰ ਸੋਮਨਾਥ ਪਹੁੰਚੀ। ਸੋਮਨਾਥ ਚਾਲੂਕੀਆ ਅਧੀਨ ਸੀ ਪਰ ਰਾਜਾ ਭੀਮਦੇਵ ਰਾਜਧਾਨੀ ਤੋਂ ਫਰਾਰ ਹੋ ਗਿਆ। ਕਿਲ੍ਹੇਦਾਰ ਨੇ ਮਹਿਮੂਦ ਦਾ ਮੁਕਾਬਲਾ ਕੀਤਾ ਪਰ ਇਹ ਨਾ ਕਰ ਸਕੇ। ਸ਼ਹਿਰ ਨਿਵਾਸੀ ਲੜੇ ਪਰ ਵੱਡੇ ਘੱਲੂਘਾਰੇ ਕਾਰਨ ਬੇਸ਼ੁਮਾਰ ਕਤਲ ਹੋਏ।

ਮੰਦਰ ਦੇ ਅੰਦਰ ਸਾਧਾਰਨ ਸ਼ਿਵਲਿੰਗ ਸੀ, ਉਪਰ ਚਮਕਦਾਰ ਛਤਰ ਸੀ ਜਿਸ ਵਿਚ ਬੇਸ਼ੁਮਾਰ ਹੀਰੇ ਜੜੇ ਸਨ। ਮੰਦਰ ਦੇ ਖ਼ਜਾਨੇ ਵਿਚ ਸੋਨੇ ਚਾਂਦੀ ਦੀਆਂ ਮੂਰਤੀਆਂ ਸਨ। ਬਾਹਰ 200 ਮਣ ਸੋਨੇ ਦੀ ਜੰਜੀਰ ਤੇ ਘੰਟੀ ਸੀ। 1000 ਬ੍ਰਾਹਮਣ, 500 ਨਾਚੀਆਂ, 200 ਸੰਗੀਤਕਾਰ ਅਤੇ 300 ਨਾਈ ਸੇਵਾ ਕਰਦੇ ਸਨ। ਮੰਦਰ ਦੀ ਆਮਦਨ ਨੂੰ 10,000 ਪਿੰਡਾਂ ਦੀ ਆਮਦਨ ਆਉਂਦੀ ਸੀ।

ਸੁਲਤਾਨ ਮਹਿਮੂਦ ਨੇ ਮੰਦਰ ਨੂੰ ਨਸ਼ਟ ਕਰਕੇ ਸਾਰੀ ਦੌਲਤ ਲੁੱਟੀ ਅਤੇ ਦੋ ਕਰੋੜ ਦਿਨਾਰ ਹਾਸਲ ਕੀਤੇ। ਉਹ ਕੱਛ ਰਾਹੀਂ ਵਾਪਸ ਚਲ ਪਿਆ। ਇਸ ਤਰ੍ਹਾਂ ਉਹ ਸਿੰਧ ਵਿਚ ਆਇਆ ਅਤੇ ਮੰਸੂਰਾ ਦੀ ਛਾਉਣੀ ਤਬਾਹ ਕੀਤੀ। ਅਖੀਰ ਮਹਿਮੂਦ 2 ਅਪ੍ਰੈਲ 1026 ਈ. ਨੂੰ ਗਜ਼ਨੀ ਅੱਪੜਿਆ।

**ਜਾਟ ਅਤੇ ਮਹਿਮੂਦ :–**

ਮਹਿਮੂਦ ਦਾ ਆਖਰੀ ਹਮਲਾ ਜਾਟ ਕਬੀਲੇ ਉੱਪਰ ਸੀ। 1027 ਈ. ਨੂੰ ਉਸ ਨੇ ਮੁਲਤਾਨ ਪਹੁੰਚ ਕੇ 1400 ਕਿਸ਼ਤੀਆਂ ਦਾ ਬੇੜਾ ਤਿਆਰ ਕੀਤਾ। ਹਰ ਕਿਸ਼ਤੀ ਵਿਚ ਹਥਿਆਰ ਤੇ ਗੋਲੇ ਭਰੇ ਗਏ। ਜਾਟ ਕਬੀਲੇ ਨੇ 4000 ਕਿਸ਼ਤੀਆਂ ਦਾ ਪ੍ਰਬੰਧ ਕਰਕੇ ਮੁਕਾਬਲਾ ਕੀਤਾ ਪਰੰਤੂ ਹਾਰ ਗਏ। ਮਹਿਮੂਦ ਅਨੇਕਾਂ ਪਰਿਵਾਰਾਂ ਨੂੰ ਕੈਦ ਕਰਕੇ ਗਜ਼ਨੀ ਲੈ ਗਿਆ।

**ਮਹਿਮੂਦ ਦੇ ਹਮਲਿਆਂ ਦੇ ਪਰਿਣਾਮ ਤੇ ਪ੍ਰਭਾਵ :–**

ਮਹਿਮੂਦ ਨੇ ਭਾਰਤ ਤੇ ਲਗਭਗ 16 ਹਮਲੇ ਕੀਤੇ ਪਰ ਉਸ ਦੇ ਜੀਵਨ ਸੰਕਲਪ ਦਾ ਅਸਲ ਮੰਤਵ ਦਾ ਪਤਾ ਕਰਨਾ ਆਸਾਨ ਨਹੀਂ। ਉਹ ਏਸ਼ੀਆ ਦੀ ਇਕ ਮਜ਼ਬੂਤ ਇਕਾਈ ਕਾਇਮ ਕਰਨਾ ਚਾਹੁੰਦਾ ਸੀ ਤੇ ਇਸ ਲਈ ਉਸ ਤੁਰਕ ਈਰਾਨੀ ਸਾਮਰਾਜ ਸਥਾਪਤ ਕਰਨਾ ਸੀ। ਇਹ ਤਾਂ ਹੀ ਸੰਭਵ ਹੋ ਸਕਿਆ ਕਿਉਂਕਿ ਉਸ ਦੀਆਂ ਭਾਰਤੀ ਮੁਹਿੰਮਾਂ ਉਸ ਨੂੰ ਦੌਲਤ, ਸ਼ਕਤੀ ਤੇ ਮਸ਼ਹੂਰੀ ਦਿੰਦੀਆਂ ਸਨ।

ਮਹਿਮੂਦ ਨੇ ਭਾਰਤ ਤੋਂ ਬਟੋਰੇ ਗਏ ਸੈਨਿਕਾਂ ਤੇ ਹਾਥੀਆਂ ਨਾਲ ਇਕ ਨਿਯਮਤ (regular) ਸਥਾਈ ਤੇ ਪੇਸ਼ਾਵਰ ਸੈਨਾ ਤਿਆਰ ਕੀਤੀ ਜਿਸ ਨੇ ਗਜ਼ਨਵੀ ਸਾਮਰਾਜ ਦੀ ਪੱਛਮੀ ਸਰਹੱਦ ਨੂੰ ਈਰਾਕ ਤੱਕ ਫੈਲਾ ਦਿੱਤਾ। ਉਸ ਨੇ ਨਗਰਕੋਟ, ਥਾਨੇਸਰ, ਕਾਨੌਜ ਤੇ ਸੋਮਨਾਥ ਦੇ ਮੰਦਰਾਂ ਨੂੰ ਹਵਸ਼ ਦਾ ਨਿਸ਼ਾਨਾ ਬਣਾਇਆ ਤੇ ਇਨ੍ਹਾਂ ਦੇ ਦੌਲਤ-ਭੰਡਾਰ ਲੁੱਟੇ। ਮਹਿਮੂਦ ਦੀ ਸੈਨਾ ਮਿਸ਼ਰਤ ਸੀ ਕਿਉਂਕਿ ਇਸ ਵਿਚ ਤੁਰਕ, ਅਫਗਾਨ, ਖਿਲਜੀ, ਈਰਾਨੀ, ਖੁਰਾਸਾਨੀ, ਦੈਲਾਮੀ, ਅਰਬ ਤੇ ਕੁਰਦ ਨਸਲ ਦੇ ਯੋਧੇ ਸਨ। ਇਸ ਸੈਨਾ ਵਿਚ ਭਾਰਤੀ ਮੂਲ ਦੇ ਸੈਨਿਕ ਵੀ ਸਨ। ਇਨ੍ਹਾਂ ਦੀ ਰਿਹਾਇਸ਼ ਵਾਸਤੇ ਗਜ਼ਨੀ ਦਾ ਇਕ ਵਿਸ਼ੇਸ਼ ਮੁਹੱਲਾ ਨਿਸ਼ਚਿਤ ਕੀਤਾ ਗਿਆ ਸੀ ਤੇ ਇਨ੍ਹਾਂ ਦੇ ਸੈਨਾਪਤੀ ਨੂੰ **ਸਾਲਾਰੇ-ਹਿੰਦੂਆਨ** ਕਿਹਾ ਜਾਂਦਾ ਸੀ। ਨਾਜੁਕ ਮੌਕਿਆਂ ਸਮੇਂ ਇਨ੍ਹਾਂ ਨੂੰ ਤੁਰਕਾਂ ਨਾਲੋਂ ਵਧੇਰੇ ਭਰੋਸੇਯੋਗ

ਸਮਝਿਆ ਜਾਂਦਾ ਸੀ। ਮੁਸਲਮਾਨੀ ਪਰਿਵਾਰਾਂ ਵਿਚੋਂ **ਯਮੀਨੀ** ਵੰਸ਼ ਅੱਵਲ ਸੀ ਜਿਸ ਨੇ ਅਫਗਾਨਿਸਤਾਨ, ਖੁਰਾਸਾਨ ਤੇ ਮੱਧ ਏਸ਼ੀਆ ਦੀਆਂ ਲੜਾਈਆਂ ਵਿਚ ਹਾਥੀਆਂ ਨੂੰ ਵੱਡੀ ਗਿਣਤੀ 'ਚ ਵਰਤਿਆ। ਮਹਿਮੂਦ ਨੇ ਭਾਰਤੀ ਮੁਹਿੰਮਾਂ ਤੋਂ ਹੇਠ ਲਿਖੇ ਅਨੁਸਾਰ ਹਾਥੀ ਪ੍ਰਾਪਤ ਕੀਤੇ :

ਕਨੌਜ – 350 ਮਹਾਂਬਾਨ – 185 ਕਾਲੰਜਰ – 580

ਮਹਿਮੂਦ ਨੇ 1023 ਈ. ਵਿਚ 1300 ਸਾਯੁਧ ਹਾਥੀਆਂ ਦਾ ਨਿਰੀਖਣ ਕੀਤਾ। ਗਜਨੀ ਦੇ **ਪੀਲਖਾਨੇ** ਵਿਚ 1000 ਹਾਥੀ ਮੌਜੂਦ ਸਨ ਜਿਨਾਂ ਦੀ ਦੇਖਭਾਲ ਹਿੰਦੂ ਕਰਮਚਾਰੀ ਕਰਦੇ ਸਨ।

ਮਹਿਮੂਦ ਦੇ ਹਮਲੇ ਰਾਜਨੀਤਕ ਪੱਖੋਂ ਵਿਸ਼ੇਸ਼ ਪ੍ਰਭਾਵ ਨਹੀਂ ਪਾ ਸਕੇ। ਭਾਰਤੀ ਸ਼ਾਸਕ ਉਸ ਨੂੰ ਵਿਦੇਸ਼ੀ ਤੇ **ਮਲੇਛ** ਆਖਦੇ ਸਨ। ਉਸ ਨੇ ਉੱਤਰ-ਪੱਛਮੀ ਸਰਹੱਦ ਦੀ ਰਾਖੀ ਨਹੀਂ ਕੀਤੀ ਤੇ ਭਾਰਤੀਆਂ ਦੇ ਅੰਦਰੂਨੀ ਝਗੜੇ ਵੀ ਸਮਾਪਤ ਨਾ ਹੋਏ। ਵਿਭਿੰਨ ਰਾਜਪੂਤ ਸ਼ਕਤੀਆਂ ਕਨੌਜ ਲਈ ਲੜਨ ਲਗ ਗਈਆਂ। 1022 ਈ. ਵਿਚ ਪੰਜਾਬ ਰਾਜਸੀ ਸਾਮਰਾਜ ਦਾ ਹਿੱਸਾ ਬਣ ਗਿਆ ਤੇ ਫਿਰ ਮਹਿਮੂਦ ਨੇ ਗੁਜਰਾਤ ਤੇ ਗੰਗਾ ਘਾਟੀ ਵੱਲ ਹਮਲੇ ਕੀਤੇ। ਬੁੱਧੀਜੀਵੀ, ਸਾਹਿਤਕਾਰ, ਸ਼ਾਇਰ ਤੇ ਅਧਿਆਪਕ ਗਜ਼ਨੀ ਤੋਂ ਲਾਹੌਰ ਆ ਵੱਸੇ।ਪੰਜਾਬ ਦਾ ਸਭਿਆਚਾਰਕ ਵਿਕਾਸ ਮੱਧ ਏਸ਼ੀਆ ਦੇ ਪ੍ਰਭਾਵ ਥੱਲੇ ਹੋਣ ਲੱਗਾ। ਕੀ ਮਹਿਮੂਦ ਦੇ ਹਮਲਿਆਂ ਦਾ ਅਸਲ ਮਨੋਰਥ ਹਿੰਦੂਆਂ ਉੱਤੇ ਇਸਲਾਮ ਥੋਪਣਾ ਸੀ ? ਕੀ ਉਹ ਇੰਝ ਕਰਨ ਵਿਚ ਸਫਲ ਹੋਇਆ ? ਇਨ੍ਹਾਂ ਪ੍ਰਸ਼ਨਾਂ ਦਾ ਜਵਾਬ ਇਹ ਹੈ ਕਿ :

1) ਮਹਿਮੂਦ ਨੇ ਇਸਲਾਮ ਦੇ ਵਿਸਤਾਰ ਲਈ **ਜਹਾਦ** ਨਹੀਂ ਲੜਿਆ ਸਗੋਂ ਉਹ ਦੌਲਤ ਬਟੋਰਨ ਲਈ ਗੈਰ-ਮਜਹਬੀ ਹਮਲੇ ਕਰਦਾ ਸੀ।
2) ਉਸ ਦੀ ਸੈਨਾ ਵਿਚ ਪੇਸ਼ਾਵਰ ਤੇ ਅਭਿਆਸੀ ਯੋਧੇ ਸਨ। ਇਸ ਵਿਚ ਭਾਰਤੀ ਵੀ ਸ਼ਾਮਲ ਸਨ।
3) ਯੁੱਧ ਤੋਂ ਬਾਅਦ ਮੰਦਰਾਂ ਦਾ ਢਾਹਿਆ ਜਾਂ ਲੁੱਟਿਆ ਜਾਣਾ ਤਾਂ ਮੱਧ ਕਾਲੀ ਸੈਨਿਕ ਕਾਰਵਾਈਆਂ ਦਾ ਅੰਗ ਸੀ। ਮਹਿਮੂਦ ਨੇ ਮੰਦਰ ਲੁੱਟ ਕੇ ਇਸਲਾਮ ਨੂੰ ਹਰਮਨ-ਪਿਆਰਾ ਨਹੀਂ ਸੀ ਕੀਤਾ।
4) ਕੁਝ ਇਤਿਹਾਸਕਾਰ ਇਹ ਆਖ ਕੇ ਗਲਤੀ ਕਰਦੇ ਹਨ ਕਿ ਮਹਿਮੂਦ ਦੇ ਹਮਲੇ ਜਾਂ ਫੌਜੀ ਕਾਰਗੁਜਾਰੀਆਂ ਇਸਲਾਮ ਵਿਚੋਂ ਪੈਦਾ ਹੋਈਆਂ। ਇਹ ਯੁੱਧਾਂ ਨੂੰ ਧਰਮ ਨਾਲ ਜੋੜਨ ਵਾਲੀ ਧਾਰਨਾ ਹੈ।

**ਪਾਠ 'ਚ ਆਏ ਮੁੱਖ ਨੁਕਤੇ :-**

(1) ਮਹਿਮੂਦ ਦੀ ਪੱਛਮੀ ਏਸ਼ੀਆ ਵਿਚ ਦਖਲਅੰਦਾਜ਼ੀ ਉਤਨੀ ਹੀ ਮਹੱਤਵਪੂਰਨ ਹੈ ਜਿਤਨੀਆਂ ਉਸ ਦੀ ਸਿੰਧ ਦਰਿਆ ਦੇ ਪੂਰਬ ਜਾਂ ਭਾਰਤ ਵੱਲ ਹਮਲੇ।

(2) ਸੁਲਤਾਨ ਮਹਿਮੂਦ ਤੇ ਜੈਪਾਲ ਦੇ ਮੁੱਢਲੇ ਸੰਬੰਧ ਅਫਗਾਨਿਸਤਾਨ ਅਤੇ ਪੰਜਾਬ ਦੇ ਸੰਬੰਧਾਂ ਉੱਪਰ ਵੀ ਰੋਸ਼ਨੀ ਪਾਉਂਦੇ ਹਨ।

(3) ਜਮਨਾ ਪਾਰ ਅਤੇ ਗੰਗਾ-ਘਾਟੀ ਵੱਲ ਮਹਿਮੂਦ ਦੇ ਹਮਲੇ ਤਾਂ ਸੰਭਵ ਸਨ ਜੇਕਰ ਪੰਜਾਬ ਤੇ ਕਸ਼ਮੀਰ ਜਾਂ ਗੁਜਰਾਤ ਗਜ਼ਨੀ ਦਾ ਅੰਗ ਹੋਵੇ।

**ਪਾਠ 'ਚ ਆਏ ਤਕਨੀਕੀ ਸ਼ਬਦ :-**

1) ਸਾਮੰਤਵਾਦੀ ਪ੍ਰਵਿਰਤੀਆਂ
2) ਦੁਰਗ
3) ਦੀਨਾਰ
4) ਗੁਲਾਮ
5) ਮਿਸ਼ਕਲ ਸੋਨਾ
6) ਗਜ਼ਨੀ ਦੀ ਉਨਤੀ

**ਅਭਿਆਸ ਲਈ ਛੋਟੇ ਪ੍ਰਸ਼ਨ :–**

1) ਮਹਿਮੂਦ ਦਾ ਬਚਪਨ ਤੇ ਵਿਦਿਆ ਵਰਨਣ ਕਰੋ।

2) ਮਹਿਮੂਦ ਦੇ ਜੈਪਾਲ ਨਾਲ ਸੰਬੰਧ ਬਿਆਨ ਕਰੋ।

3) ਮਹਿਮੂਦ ਨੇ ਸਿੰਧ–ਸਾਗਰ ਦੁਆਬ ਕਦੋਂ ਤੇ ਕਿਵੇਂ ਜਿੱਤਿਆ।

4) ਸੋਮਨਾਥ ਜਿੱਤ ਦਾ ਵਰਨਣ ਕਰੋ।

5) ਸੁਲਤਾਨ ਮਹਿਮੂਦ ਦੀ ਕਾਨੌਂਜ ਜਿੱਤ ਬਿਆਨ ਕਰੋ।

**ਲੰਮੇ ਪ੍ਰਸ਼ਨ :–**

1) ਮਹਿਮੂਦ ਦੀ ਪੰਜਾਬ ਜਿੱਤ ਦਾ ਵਰਨਣ ਕਰੋ।

2) ਮਹਿਮੂਦ ਦੇ ਹਮਲਿਆਂ ਦਾ ਕੀ ਮੰਤਵ ਸੀ ? ਬਿਆਨ ਕਰੋ।

3) ਮਹਿਮੂਦ ਗਜ਼ਨਵੀ ਦੀ ਸੈਨਾ ਦੀਆਂ ਕੀ ਵਿਸ਼ੇਸ਼ਤਾਵਾਂ ਸਨ ?

4) ਮਹਿਮੂਦ ਦੀ ਨਗਰਕੋਟ ਜਾਂ ਕਾਂਗੜਾ ਜਿੱਤ ਦਾ ਵਰਨਣ ਕਰੋ।

**ਹੋਰ ਜਾਣਕਾਰੀ ਲਈ ਪੁਸਤਕਾਂ :–**

1) ਸੁਰਿੰਦਰ ਸਿੰਘ, **ਮੱਧਕਾਲੀਨ ਭਾਰਤ ਦਾ ਇਤਿਹਾਸ,** ਪੰਨੇ 01–08

2) P.Spear, **The Oxford History of India,** pages 197-211

3) ਮਜੂਮਦਾਰ, ਰੇਅ ਚੌਧਰੀ ਤੇ ਦੱਤ, **ਭਾਰਤ ਦਾ ਬ੍ਰਿਹਤ ਇਤਿਹਾਸ,** ਪੰਨੇ 01–06

**ਪਾਠ ਨੰ. 1.3** **ਲੇਖਕ : ਨਾਜ਼ਰ ਸਿੰਘ**

## ਮੁਹੰਮਦ ਗੌਰੀ ਦੀਆਂ ਉੱਤਰ-ਪੱਛਮੀ ਭਾਰਤੀ ਜਿੱਤਾਂ ਅਤੇ ਤੁਰਕਾਂ ਦੀ ਸਫ਼ਲਤਾ ਦੇ ਕਾਰਣ

**ਪਾਠ ਦੀ ਬਣਤਰ :**

**ਉਦੇਸ਼ (Objectives)**
**ਜਾਣ-ਪਛਾਣ (Introduction)**
**ਸ੍ਰੋਤ ਜਾਂ ਇਤਿਹਾਸਕਾਰੀ (Sources or Historiography)**
**ਜਿੱਤਾਂ ਦਾ ਵਰਨਣ : ਕਾਰਣ ਤੇ ਨਤੀਜੇ**
**ਗੌਰੀ ਦੇ ਗੁਣ ਤੇ ਤੁਲਨਾ ਮਹਿਮੂਦ ਗਜ਼ਨਵੀ ਸੰਗ**
**ਪਾਠ ਦੇ ਮੁੱਖ ਨੁਕਤੇ ਅਤੇ ਸ਼ਬਦ**
**ਛੋਟੇ ਤੇ ਵੱਡੇ ਪ੍ਰਸ਼ਨ**
**ਹੋਰ ਜਾਣਕਾਰੀ ਲਈ ਪੁਸਤਕਾਂ**

**ਉਦੇਸ਼ (Objectives) :**

(1) ਮੁਹੰਮਦ ਗੌਰੀ ਦਾ ਪਿਛੋਕੜ ਦੱਸਣਾ ਜਾਂ ਗਜ਼ਨੀ ਉੱਪਰ ਉਸ ਦੀ ਸਫਲਤਾ ਦਾ ਵਰਨਣ ਕਰਨਾ।
(2) 1175 ਈ. ਤੋਂ ਗੌਰੀ ਦਾ ਮੁਲਤਾਨ ਤੇ ਉੱਚ ਰਾਹੀਂ ਪਹਿਲਾਂ ਗੁਜਰਾਤ ਵਿਚ ਤੇ ਫਿਰ ਪੰਜਾਬ ਵੱਲ ਵਧਣਾ।
(3) ਤਰਾਇਨ ਦੀ ਲੜਾਈਆਂ ਦਾ ਜ਼ਿਕਰ ਕਰਨਾ ਤੇ ਪ੍ਰਿਥਵੀ ਰਾਜ ਦੀ ਹਾਰ ਦਾ ਵਰਨਣ ਦੱਸਣਾ।
(4) ਗੌਰੀ ਦੇ ਸਹਾਇਕ ਤੇ ਮਸ਼ਹੂਰ ਜਨਰਲ ਐਬਕ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ ਜਾਵੇਗਾ।

**ਮੁਹੰਮਦ ਦਾ ਪਿਛੋਕੜ :**

ਮੁਹੰਮਦ ਗੌਰੀ ਦਾ ਅਸਲ ਨਾਮ ਸ਼ਿਹਾਬ-ਉਦ-ਦੀਨ ਸੀ। 'ਗੌਰੀ' ਸ਼ਬਦ 'ਗੋਰ' ਤੋਂ ਬਣਿਆ। ਸੋ ਜਰੂਰੀ ਹੈ ਗੋਰ ਸਥਾਨ ਨੂੰ ਸਮਝਿਆ ਜਾਵੇ। ਗੋਰ ਪੱਛਮੀ ਅਫਗਾਨਿਸਤਾਨ ਦਾ ਉਹ ਭੂਮੀ ਖੰਡ ਸੀ ਜਿਸ ਦੇ ਪੂਰਬ ਵਿਚ ਜ਼ਬੂਲਿਸਤਾਨ, ਉੱਤਰ ਵਿਚ ਗ਼ਰਜਿਸਤਾਨ, ਪੱਛਮ ਵਿਚ ਖੁਰਾਸਾਨ ਅਤੇ ਦੱਖਣ ਵਿਚ ਜ਼ਮੀਨਦਾਵਾਰ ਸਥਿਤ ਸੀ। ਗੋਰ ਇਲਾਕੇ ਰਾਹੀਂ ਪਹਾੜ ਦੀਆਂ ਪੰਜ ਉਚੀਆਂ ਚੋਟੀਆਂ ਲੰਘਦੀਆਂ ਸਨ ਤੇ ਹਰ ਚੋਟੀ 10000 ਫੁੱਟ ਤੋਂ ਵੀ ਉੱਚੀ ਸੀ। ਖੇਤੀ ਪ੍ਰਧਾਨ ਹੋਣ ਦੇ ਬਾਵਜੂਦ ਇਲਾਕਾ ਫੌਲਾਦ, ਘੋੜਿਆਂ ਤੇ ਗੁਲਾਮਾਂ ਲਈ ਪ੍ਰਸਿੱਧ ਸੀ। 1010 ਈ. ਵਿਚ ਗੋਰ ਨੂੰ ਮਹਿਮੂਦ ਗਜ਼ਨਵੀ ਨੇ ਜਿੱਤ ਲਿਆ ਸੀ ਪਰ 1148 ਈ. ਨੂੰ ਗਜ਼ਨੀ ਸੈਫਉਦ-ਦੀਨ ਸੂਰੀ ਦੇ ਕਬਜੇ ਥੱਲੇ ਚਲੀ ਗਈ। 1149 ਈ. ਨੂੰ ਗਜ਼ਨੀ ਦੇ ਸ਼ਾਸਕ ਬਹਿਰਾਮ ਸ਼ਾਹ ਨੇ ਸੈਫ-ਉਦ-ਦੀਨ ਨੂੰ ਸੂਲੀ ਟੰਗ ਦਿੱਤਾ। ਮਰਨ ਵਾਲੇ ਦੇ ਭਾਈ ਨੇ ਬਹਿਰਾਮ ਨੂੰ ਯੁੱਧ ਵਿਚ ਹਰਾ ਦਿੱਤਾ ਪਰ ਗਜ਼ਨੀ ਸ਼ਹਿਰ ਨੂੰ ਪੂਰੀ ਤਰ੍ਹਾਂ ਸਾੜ ਦਿੱਤਾ।

ਗਿਆਸ ਉਦ ਦੀਨ ਅਤੇ ਸ਼ਿਹਾਬ ਉਦ ਦੀਨ ਸਕੇ ਭਰਾ ਸਨ ਤੇ ਸੈਫ ਉਦ ਦੀਨ ਨੇ ਗਿਆਸ ਨੂੰ ਗੋਰ ਦਾ ਅਤੇ ਸ਼ਿਹਾਬ ਨੂੰ ਗਜ਼ਨੀ ਤੇ 1173 ਈ. ਨੂੰ ਕਬਜਾ ਕਰਨ ਦਿੱਤਾ। ਗਿਆਸ ਉਦ ਦੀਨ ਨੇ ਵੀ ਗਜ਼ਨੀ ਨੂੰ ਮਾਨਤਾ ਦੇ ਦਿੱਤੀ ਅਤੇ ਸ਼ਿਹਾਬ ਜਾ ਮੁਹੰਮਦ ਗੋਰੀ ਨੂੰ ਉੱਤਰੀ ਭਾਰਤ ਦੇ ਪ੍ਰਦੇਸਾਂ ਵੱਲ ਭੇਜਿਆ।

**ਮੁਹੰਮਦ ਗੌਰੀ ਦੀਆਂ ਮੁਹਿੰਮਾਂ 1175 ਈ. ਤੋਂ :-**

ਮੁਹੰਮਦ ਗੌਰੀ ਨੇ 1175 ਈ. ਨੂੰ ਮੁਲਤਾਨ ਨਿਸ਼ਾਨਾ ਬਣਾਇਆ। ਇਥੋਂ ਦਾ ਰਾਜਵੰਸ਼ ਸੀਆ ਮੁਸਲਮਾਨਾਂ ਦੇ ਕਰਾਮਿਤਾਹ ਸੰਪਰਦਾਇ ਨਾਲ ਸੰਬੰਧਤ ਸੀ। ਇਸ ਬਾਰ ਗੋਰੀ ਦੀ ਸੈਨਾ ਖੈਬਰ ਦੱਰੇ ਦੀ ਥਾਂ ਗੋਮਲ ਦੱਰੇ ਰਾਹੀਂ ਭਾਰਤ ਵਿਚ ਦਾਖਲ ਹੋਈ। ਸਿਹਾਬ ਜਾਂ ਮੁਹੰਮਦ ਗੌਰੀ ਨੂੰ ਜਿੱਤ ਹਾਸਲ ਹੋਈ ਅਤੇ ਉਹ ਮੁਲਤਾਨ ਤੋਂ ਉੱਚ ਵੱਲ ਵਧਿਆ। ਉੱਚ ਨੂੰ ਕਬਜੇ 'ਚ ਕੀਤਾ। ਉੱਚ ਦਾ

ਭਾਟੀ ਰਾਜਪੂਤ ਆਪਣੀ ਪਤਨੀ ਤੇ ਗੌਰੀ ਦੇ ਹੱਥੋਂ ਕਤਲ ਕਰ ਦਿੱਤਾ ਗਿਆ। ਮੁਲਤਾਨ ਅਤੇ ਉੱਚ ਮੁਹੰਮਦ ਗੌਰੀ ਨੇ ਅਲੀ ਕਰਮਾਖ ਦੇ ਹਵਾਲੇ ਕਰ ਦਿੱਤੇ ਤੇ ਆਪ ਗਜ਼ਨੀ ਵਾਪਸ ਚਲਾ ਗਿਆ।

1178 ਈ. ਵਿਚ ਗੌਰੀ ਨੇ ਅਨਹਿਲਵਾੜਾ (ਗੁਜਰਾਤ) ਤੇ ਚੜ੍ਹਾਈ ਕਰ ਦਿੱਤੀ। ਜਦੋਂ ਉਸ ਦੀ ਸੈਨਾ ਮੁਲਤਾਨ, ਉੱਚ ਤੇ ਮਾਰੂਥਲ ਨੂੰ ਪਾਰ ਕਰਕੇ ਮਾਊਂਟ ਅਬੂ ਪਹੁੰਚੀ ਤਾਂ ਥੱਕ ਚੁੱਕੀ ਸੀ। ਚਾਲੂਕੀਆ ਵੰਸ਼ ਦੀ ਰਾਜ ਮਾਤਾ ਨਾਇਕੀ ਦੇਵੀ ਨੇ ਹਮਲਾਵਰਾਂ ਤੇ ਹਮਲਾ ਬੋਲ ਦਿੱਤਾ। ਗਦਰਾ ਘਾਟ ਦੇ ਇਸ ਜੰਗ ਵਿਚ ਗਜ਼ਨੀ ਤੋਂ ਆਈ ਸੈਨਾ ਦੇ ਛੱਕੇ ਛੁਡਾ ਦਿੱਤੇ। ਗੌਰੀ ਨੇ ਜਾਨ ਬਚਾਈ ਤੇ ਸੈਨਾ ਗੁਜਰਾਤ 'ਚੋਂ ਵਾਪਸ ਲੈ ਗਿਆ।

ਗੁਜਰਾਤ ਦੀ ਹਾਰ ਤੋਂ ਸਬਕ ਸਿੱਖ ਗੌਰੀ ਨੇ ਫੈਸਲਾ ਕੀਤਾ ਕਿ ਭਾਰਤ ਨੂੰ ਜਿੱਤਣ ਲਈ ਉਸ ਨੂੰ ਪੰਜਾਬ ਹੀ ਸੈਨਾ ਦਾ ਅੱਡਾ ਬਣਾ ਕੇ ਕੰਮ ਆਵੇਗਾ। 1179 ਈ. ਨੂੰ ਉਹ ਫਿਰ ਖੈਬਰ ਦੱਰਾ ਟੱਪਿਆ ਤੇ ਪੇਸ਼ਾਵਰ ਤੇ ਅਧਿਕਾਰ ਜਮਾ ਲਿਆ। 1181 ਈ. ਨੂੰ ਗੌਰੀ ਨੇ ਲਾਹੌਰ ਤੇ ਹਮਲਾ ਕੀਤਾ। ਲਾਹੌਰ ਦਾ ਹੁਕਮਰਾਨ ਲੜਿਆ ਨਹੀਂ ਪਰ ਸਮਝੌਤਾ ਕਰ ਲਿਆ ਅਤੇ ਮੁਹੰਮਦ ਵਾਪਸ ਚਲਾ ਗਿਆ।

1185 ਈ. 'ਚ ਗੌਰੀ ਨੇ ਪੰਜਾਬ ਉੱਪਰ ਤੀਸਰੀ ਵਾਰ ਹਮਲਾ ਕੀਤਾ। ਜੰਮੂ ਦੇ ਮੁਖੀ ਖੁਸਰੋ ਮਲਿਕ ਨੇ ਗੌਰੀ ਦੀ ਸਹਾਇਤਾ ਕੀਤੀ। ਹਮਲਾਵਰਾਂ ਨੇ ਲਾਹੌਰ ਦਾ ਆਸਾ-ਪਾਸਾ ਸਾੜ ਦਿੱਤਾ ਤੇ ਫਿਰ ਸਿਆਲਕੋਟ ਤੇ ਹਮਲਾ ਕਰ ਦਿੱਤਾ। ਪਰੰਤੂ ਗੌਰੀ ਨੇ ਆਪਣੀ ਲਾਹੌਰ ਦੀ ਆਖਰੀ ਜਿੱਤ 1191 ਈ. ਵਿਚ ਪੂਰੀ ਕੀਤੀ ਤੇ ਯਾਮੀਨੀ ਵੰਸ਼ ਦਾ ਰਾਜ ਖਤਮ ਕਰ ਦਿੱਤਾ।

**ਤਰਾਇਨ, ਬਠਿੰਡਾ ਅਤੇ ਸਰਸਾ ਵੱਲ (1191 ਈ.) :**

ਪਿਛਲੇ 15 ਸਾਲਾਂ ਵਿਚ ਮੁਹੰਮਦ ਗੌਰੀ ਨੇ ਪੇਸ਼ਾਵਰ ਤੋਂ ਲਾਹੌਰ ਤੱਕ ਅਤੇ ਸਿਆਲਕੋਟ ਤੋਂ ਦੇਬਲ ਤੱਕ ਦੇ ਇਲਾਕੇ ਨੂੰ ਆਪਣੇ ਅਧਿਕਾਰ ਵਿਚ ਕਰ ਲਿਆ। ਸਿੰਧ ਤੇ ਪੰਜਾਬ ਵਿਚ ਮਜਬੂਤ ਹੋਣ ਲਈ ਫਿਰ ਬਠਿੰਡਾ ਚੁਣ ਲਿਆ। ਕਿਲ੍ਹਾ ਜਿੱਤ ਕੇ ਗੌਰੀ ਨੇ ਬਠਿੰਡਾ ਮਲਿਕ ਜ਼ੀਆ ਉਦ ਦੀਨ ਨੂੰ ਦੇ ਦਿੱਤਾ ਅਤੇ ਉਸ ਅਧੀਨ 12,000 ਘੋੜ ਸਵਾਰ ਨਿਯੁਕਤ ਕਰ ਦਿੱਤੇ। ਗੌਰੀ ਗਜ਼ਨ ਗਿਆ ਤਾਂ ਪ੍ਰਿਥਵੀ ਰਾਜ ਨੇ ਫਿਰ ਤੋਂ ਬਠਿੰਡਾ ਜਿੱਤਣ ਲਈ ਬਹੁਤ ਸਾਰੇ ਰਾਜਪੂਤ ਮੁਖੀਆਂ ਸਮੇਤ ਉੱਤਰ ਵੱਲ ਹਮਲਾ ਕਰ ਦਿੱਤਾ। ਗੌਰੀ ਤੇਜੀ ਨਾਲ ਵਾਪਸ ਆ ਗਿਆ ਤੇ ਤਰਾਇਨ ਦੇ ਮੈਦਾਨ ਉੱਤੇ 1191 ਈ. ਨੂੰ ਦੋਵੇਂ ਲਸ਼ਕਰ ਆਪਸ ਵਿਚ ਭਿੜ ਗਏ।

ਲੜਾਈ ਦੇ ਸ਼ੁਰੂ ਵਿਚ ਰਾਜਪੂਤ ਪਲੜਾ ਭਾਰੀ ਸੀ ਪਰ ਗੌਰੀ ਵੀ ਬਹਾਦਰਾਂ ਵਾਂਗ ਲੜਿਆ। ਉਹ ਆਪ ਦਿੱਲੀ ਦੇ ਮੁਖੀ ਗੋਬਿੰਦ ਰਾਏ ਨਾਲ ਲੜਿਆ। ਦੋਵੇਂ ਜਖਮੀ ਹੋਏ। ਜਖਮੀ ਗੌਰੀ ਨੂੰ ਕਿਸੇ ਸ਼ੇਰ ਦਿਲ ਖ਼ਲਜੀ ਯੁਵਕ ਨੇ ਜੰਗ ਦੇ ਮੈਦਾਨ ਤੋਂ ਬਾਹਰ ਕੱਢਿਆ। ਗੌਰੀ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਫਿਰ ਵੀ ਪ੍ਰਿਥਵੀ ਰਾਜ ਨੂੰ ਬਠਿੰਡੇ ਦਾ ਕਿਲ੍ਹਾ ਜਿੱਤਣ ਲਈ 13 ਮਹੀਨੇ ਸੰਘਰਸ਼ ਕਰਨਾ ਪਿਆ ਕਿਉਂਕਿ ਉਸ ਦੀ ਟੱਕਰ ਜੀਆ-ਉਦ-ਦੀਨ ਤੁਲਕੀ ਨਾਲ ਸੀ।

ਗੌਰੀ ਨੇ ਗਜ਼ਨੀ ਤੋਂ ਗੌਰ ਦਾ ਸਫ਼ਰ ਕੀਤਾ ਅਤੇ ਆਪਣੇ ਭਰਾ ਗ਼ਿਆਸ-ਉਦ- ਦੀਨ ਮੁਹੰਮਦ ਨਾਲ ਮਸ਼ਵਰਾ ਕਰਕੇ ਖਲਜੀ ਤੇ ਖੁਰਾਸਾਨੀ ਅਮੀਰਾਂ ਨੂੰ ਸਜਾ ਦਿੱਤੀ ਕਿਉਂਕਿ ਇਨ੍ਹਾਂ ਨੇ ਤਰਾਇਨ ਦੇ ਯੁੱਧ ਵਿਚ ਪਿੱਠ ਵਿਖਾਈ ਸੀ। ਇਸ ਅਨੁਸ਼ਾਸਨੀ ਕਾਰਵਾਈ ਤੋਂ ਅਫਗਾਨ ਮੁਕਤ ਰਹੇ। ਇਕ ਸਾਲ ਹਮਲੇ ਦੀ ਪੂਰੀ ਤਿਆਰੀ ਕਰਕੇ ਗੌਰੀ ਨੇ ਫਿਰ ਖੈਬਰ ਪਾਰ ਕੀਤਾ ਤੇ ਮੁਲਤਾਨ ਪਹੁੰਚ ਗਿਆ ਤੇ ਅਜਮੇਰ ਆਪਣਾ ਦੂਤ ਭੇਜ ਕੇ ਪ੍ਰਿਥਵੀ ਰਾਜ ਤੋਂ ਤਾਬੇਦਾਰੀ ਮੰਗੀ। ਚੌਹਾਨ ਸ਼ਾਸਕ ਨੇ ਮੰਗ ਠੁਕਰਾ ਦਿੱਤੀ ਤੇ ਉਹ ਤਿੰਨ ਲੱਖ ਸੈਨਿਕਾਂ ਦੀ ਅਗਵਾਈ ਕਰਦਾ ਹੋਇਆ ਫਿਰ ਤਰਾਇਨ ਵੱਲ ਆਇਆ।

1192 ਈ. 'ਚ ਗੌਰੀ ਤੇ ਪ੍ਰਿਥਵੀ ਰਾਜ ਫਿਰ ਲੜੇ। ਮੁਹੰਮਦ ਪਾਸ 1,20,000 ਸੈਨਿਕ ਸਨ ਜਿਨਾਂ ਨੇ ਰਾਜਪੂਤਾਂ ਉੱਪਰ ਚਾਰੇ ਪਾਸੋਂ ਹਮਲਾ ਕੀਤਾ। ਗੌਰੀ ਦੇ 10,000 ਘੋੜ ਸਵਾਰਾਂ ਨੇ ਰਾਜਪੂਤਾਂ ਨੂੰ ਉਲਝਾਈ ਰੱਖਿਆ ਤੇ ਉਸ ਨੇ ਆਪ ਸੂਰਜ ਨਿਕਲਣ ਤੋਂ ਵੀ ਪਹਿਲਾਂ ਹਮਲਾ ਕਰ ਦਿੱਤਾ। ਤੁਰਕਾਂ ਨੇ ਪਿੱਛੇ ਹਟਣ ਦਾ ਨਾਟਕ ਕਰਕੇ ਰਾਜਪੂਤਾਂ ਨੂੰ ਆਪਣੇ ਪਿੱਛੇ ਲਾਇਆ। ਤੁਰਕ ਵਾਪਸ ਮੁੜੇ ਤੇ ਉਨ੍ਹਾਂ ਨੇ ਰਾਜਪੂਤਾਂ ਨੂੰ ਕਤਲ ਕਰ ਦਿੱਤਾ। 12,000 ਸੂਰਬੀਰਾਂ ਦੀ ਸਹਾਇਤਾ ਨਾਲ ਮੁਹੰਮਦ ਨੇ ਰਾਜਪੂਤ ਸੈਨਾ ਖਿੰਡਾ ਦਿੱਤੀ।

ਪ੍ਰਿਥਵੀ ਰਾਜ ਮੈਦਾਨ 'ਚੋਂ ਫਰਾਰ ਹੋਇਆ ਪਰੰਤੂ ਸਰਸੁਤੀ ਨੇੜੇ ਗ੍ਰਿਫਤਾਰ ਕਰ ਲਿਆ ਗਿਆ। ਉਸ ਨੂੰ ਅਜਮੇਰ ਵਿਚ ਸਥਾਪਤ ਕਰਨ ਲਈ ਗੌਰੀ ਸਫਲ ਨਾ ਹੋਇਆ। ਫਿਰ ਉਸ ਦਾ ਕਤਲ ਕਰਕੇ ਉਸ ਦੇ ਪੁੱਤਰ ਨੂੰ ਅਜਮੇਰ ਵਿਚ ਰਾਜ ਕਰਨ ਦੀ ਇਜ਼ਾਜਤ ਦੇ ਦਿੱਤੀ ਗਈ। ਦਿੱਲੀ ਦਾ ਮੁਖੀ ਗੋਬਿੰਦ ਰਾਏ ਵੀ ਤਰਾਇਨ ਵਿਚ ਮਾਰਿਆ ਗਿਆ ਸੀ। ਉਸ ਦੇ ਉੱਤਰਾ-ਅਧਿਕਾਰੀ ਨੂੰ

ਦਿੱਲੀ ਸੌਂਪ ਦਿੱਤੀ ਗਈ। ਗੌਰੀ ਨੇ **ਹਾਂਸੀ** ਤੇ ਸਰਸੁਤੀ ਵੀ ਜਿੱਤ ਲਏ। ਆਪਣੇ ਗ਼ੁਲਾਮ ਅਧਿਕਾਰੀ ਕੁਤਬ-ਉਦ-ਦੀਨ-ਐਬਕ ਨੂੰ **ਘੁੜਾਮ** 'ਚ ਤਾਇਨਾਤ ਕਰਕੇ ਮੁਹੰਮਦ ਆਪ ਵਾਪਸ ਗਜ਼ਨੀ ਚਲਾ ਗਿਆ।

**ਤਰਾਇਨ ਯੁੱਧ ਦੇ ਨਤੀਜੇ :**

(1) ਮੁਹੰਮਦ ਲਈ ਤਰਾਇਨ ਦੀ ਸਫਲਤਾ ਸੀਮਤ ਸੀ ਕਿਉਂਕਿ ਪੰਜਾਬ, ਦੁਆਬ, ਦਿੱਲੀ ਤੇ ਪੂਰਬੀ ਰਾਜਪੁਤਾਨਾ ਅਜੇ ਵੀ ਪੁਰਾਣੇ ਰਾਜ ਪਰਿਵਾਰਾਂ ਦੇ ਹੱਥਾਂ ਵਿਚ ਸਨ।

(2) ਉੱਤਰੀ ਭਾਰਤ ਤੇ ਰਾਜ ਕਰਨ ਲਈ ਮੁਹੰਮਦ ਨੂੰ ਜਰੂਰੀ ਸੀ ਕਿ ਉਹ ਰਾਜਪੂਤ ਸ਼ਕਤੀ ਦਾ ਅੰਤ ਕਰੇ। ਇਹ ਕਾਰਜ ਐਬਕ ਨੂੰ ਸੌਂਪਿਆ ਗਿਆ ਤੇ ਉਸ ਨੇ ਜਾਟ ਕਬੀਲੇ ਤੋਂ **ਹਾਂਸੀ** ਖੋਹ ਲਈ।

(3) ਐਬਕ ਨੇ ਜਮਨਾ ਪਾਰ ਕਰਕੇ ਮੇਰਠ, ਬਰਨ ਅਤੇ ਕੋਲ ਜਾਂ ਅਲੀਗੜ੍ਹ ਜਿੱਤ ਲਏ। ਇਸ ਤਰ੍ਹਾਂ ਤੁਰਕਾਂ ਲਈ ਗੰਗਾ ਘਾਟੀ ਵਿਚ ਪਰਵੇਸ਼ ਸੰਭਵ ਹੋ ਗਿਆ।

(4) ਐਬਕ ਨੇ ਹੀ ਦਿੱਲੀ ਉੱਤੇ ਆਪਣਾ ਅਧਿਕਾਰ ਜਮਾ ਲਿਆ। ਉਸ ਨੇ ਪੰਜਾਬ ਦੀਆਂ ਛਾਉਣੀਆਂ ਨਾਲ ਸੰਬੰਧ ਰੱਖਿਆ ਤੇ ਇਸ ਤਰ੍ਹਾਂ ਰਾਜਪੂਤਾਨਾ ਦੀ ਰਿਆਸਤਾਂ ਵਿਰੁੱਧ ਕਾਰਵਾਈਆਂ ਕਰਦਾ ਰਿਹਾ। ਐਬਕ ਜਦੋਂ ਰਣਥਮਭੋਰ ਜਿੱਤਣ ਦਾ ਯਤਨ ਕਰ ਰਿਹਾ ਸੀ ਤਾਂ ਉਸ ਨੂੰ ਮੁਹੰਮਦ ਨੇ ਗਜ਼ਨੀ ਬੁਲਾ ਲਿਆ। ਇਹ 1193 ਈ. 'ਚ ਵਾਪਰਿਆ। ਜਦੋਂ ਗੌਰੀ ਨੇ ਐਬਕ ਨਾਲ ਗੰਗਾ ਘਾਟੀ ਦੀ ਮੁਹਿੰਮ ਬਣਾ ਲਈ।

**ਉੱਤਰੀ ਭਾਰਤ ਦੇ ਮੈਦਾਨ :**

1194 ਈ. ਨੂੰ ਮੁਹੰਮਦ ਤੇ ਐਬਕ ਨੇ ਮਿਲ ਕੇ 50,000 ਸੈਨਿਕਾਂ ਰਾਹੀਂ **ਕਾਨੌਜ** ਤੇ ਹਮਲਾ ਕਰ ਦਿੱਤਾ। ਜੈ ਚੰਦ ਨੇ ਐਬਕ ਦੇ ਘੋੜ ਸਵਾਰਾਂ ਦਾ ਟਾਕਰਾ ਕੀਤਾ। ਜਮਨਾ ਦਰਿਆ ਦੇ ਕੰਢੇ ਵਸੇ ਚੰਦਵਾਰ ਨਾਂ ਦੇ ਸਥਾਨ ਤੇ ਜੈ ਚੰਦਰ ਨੂੰ ਤੀਰ ਵੱਜਿਆ ਤੇ ਉਹ ਦਮ ਤੋੜ ਗਿਆ। ਉਸ ਦੀ ਫੌਜ ਵਿਚ ਭਗਦੜ ਮਚ ਗਈ। ਗੌਰੀ ਜਿੱਤ ਗਿਆ ਤੇ ਉਸ ਨੇ 300 ਹਾਥੀ ਹਾਸਲ ਕੀਤੇ। ਤੁਰਕਾਂ ਨੇ ਬਨਾਰਸ ਤੇ ਆਸਾਨੀ ਵਿਚ ਆਪਣੀਆਂ ਛਾਉਣੀਆਂ ਬਣਾਈਆਂ। ਤੁਰਕ ਰਾਜ ਮੁੰਗੇਰ ਤੱਕ ਫੈਲ ਗਿਆ।

1196 ਈ. ਨੂੰ ਮੁਹੰਮਦ ਨੇ ਮੁੜ ਗਜ਼ਨੀ ਤੋਂ ਦਿੱਲੀ ਵੱਲ ਕੂਚ ਕੀਤਾ ਤੇ ਐਬਕ ਉਸ ਨੂੰ ਹਾਂਸੀ ਮਿਲਿਆ। ਅੱਗੇ ਵਧ ਕੇ ਮੁਹੰਮਦ ਨੇ **ਗਵਾਲੀਅਰ** ਤੇ ਹਮਲਾ ਕੀਤਾ। 18 ਮਹੀਨੇ ਦਾ ਸੰਘਰਸ਼ ਕਰਕੇ ਐਬਕ ਨੇ ਗਵਾਲੀਅਰ ਜਿੱਤ ਲਿਆ।

**ਗੌਰੀ ਦੀ ਸਫਲਤਾ ਤੇ ਇਸ ਦਾ ਸਰੂਪ :**

ਮੁਹੰਮਦ ਗੌਰੀ ਦੀਆਂ ਜਿੱਤਾਂ ਅਤੇ ਮਹਿਮੂਦ ਗਜ਼ਨਵੀ ਦੀਆਂ ਜਿੱਤਾਂ ਵਿਚ ਪਹਿਲੀ ਸਾਂਝ ਇਹ ਸੀ ਕਿ ਦੋਵੇਂ ਹੀ ਭਾਰਤ ਦੀ ਲੁੱਟ ਕਰਨ ਆਏ ਸਨ ਅਤੇ ਦੋਵਾਂ ਨੇ ਹੀ ਗੁਲਾਮਾਂ ਨੂੰ ਸੈਨਿਕ ਬਣਾ ਕੇ ਇਸਲਾਮ ਨਾਲ ਜੋੜ ਲਿਆ ਸੀ। ਇਨ੍ਹਾਂ ਸੈਨਿਕਾਂ ਜਾਂ ਨਵੇਂ ਬਣੇ ਮੁਸਲਮਾਨਾਂ ਨੂੰ **ਗਾਜੀ** ਆਖਦੇ ਸਨ।

ਭਾਰਤੀਆਂ ਨੂੰ ਮੁਸਲਮਾਨ ਬਣਾਉਣਾ ਦੋਹਾਂ ਵਿਚੋਂ ਕਿਸੇ ਦਾ ਵੀ ਮੰਤਵ ਨਹੀਂ ਸੀ। ਹਾਂ, ਕੁਝ ਗੱਖੜ (Gakkhars) ਜਰੂਰ ਮੁਸਲਮਾਨ ਬਣੇ। ਫਿਰ ਵੀ ਦੋਹਾਂ ਹਮਲਾਵਰਾਂ ਦਾ ਉਦੇਸ਼ ਗੈਰ-ਮੁਸਲਮਾਨਾਂ ਨੂੰ ਕਤਲ ਕਰਕੇ ਖਤਮ ਕਰਨਾ ਨਹੀਂ ਸੀ ਕਿਉਂਕਿ ਉਹ ਯੁੱਧ ਨੂੰ ਧਾਰਮਿਕ ਰੰਗ ਨਹੀਂ ਸਨ ਦੇਣਾ ਚਾਹੁੰਦੇ।

ਹਾਂ, ਗੌਰੀ ਦੀਆਂ ਪ੍ਰਾਪਤੀਆਂ ਗਜ਼ਨਵੀ ਨਾਲੋਂ ਵੱਧ ਪੱਕੀਆਂ ਸਨ। 15 ਮਾਰਚ, 1206 ਈ. ਜਾਂ ਆਪਣੀ ਮੌਤ ਤੱਕ ਮੁਹੰਮਦ ਗੌਰੀ ਨੇ ਗਜ਼ਨੀ ਤੋਂ ਆਸਾਮ ਤੱਕ ਸਭ ਮਹੱਤਵਪੂਰਨ ਭਾਰਤੀ ਸਥਾਨ ਜਿੱਤ ਲਏ ਸਨ ਅਤੇ ਹਰ ਜਿੱਤੇ ਸਥਾਨ ਜਾਂ ਇਲਾਕੇ ਉਪਰ ਉਸ ਦੀ ਹਕੂਮਤ ਸੀ।

ਏ.ਐਲ.ਸ੍ਰੀਵਾਸਤਵਾ ਜਿਹੇ ਹਿੰਦੂ ਇਤਿਹਾਸਕਾਰ ਲਿਖਦੇ ਹਨ ਕਿ ਭਾਰਤੀ ਹਾਰ ਦੇ ਕਾਰਣ ਸਨ : (ੳ) ਰਾਜਨੀਤਕ ਏਕਤਾ ਦੀ ਘਾਟ (ਅ) ਸੰਗਠਨ ਅਤੇ ਲੀਡਰਸ਼ਿੱਪ ਦੀ ਅਯੋਗਤਾ ਨੇ ਮਜਬੂਰੀਆਂ ਤੇ ਹਾਰਾਂ ਨੂੰ ਜਨਮ ਦਿੱਤਾ। ਇਤਿਹਾਸਕਾਰ ਆਖਦੇ ਹਨ ਕਿ ਭਾਰਤੀਆਂ ਕੋਲ ਨਾ ਤਾਂ ਰਾਸ਼ਟਰਵਾਦ ਸੀ ਤੇ ਨਾ ਹੀ ਦੁਸ਼ਮਣ ਫੌਜ ਦੀਆਂ ਗਲਤੀਆਂ ਲੱਭਣ ਦੀ ਸਮਰੱਥਾ। ਮੁਹੰਮਦ ਹਬੀਬ ਤੇ ਕੇ.ਏ.ਨਿਜਾਮੀ ਅਨੁਸਾਰ ਜਾਤੀ ਪ੍ਰਥਾ ਵੀ ਹਾਰ ਦਾ ਕਾਰਨ ਸੀ। ਜਾਤੀ ਸ਼੍ਰੇਣੀ ਕਰਕੇ ਸੈਨਿਕ ਪ੍ਰਬੰਧ ਕਮਜੋਰ ਸੀ। ਜਾਤੀਵਾਦ ਤਾਂ ਮੰਦਰਾਂ ਤੱਕ ਫੈਲਿਆ ਸੀ ਤੇ ਇਸ ਕਾਰਨ ਧਰਮ ਤੇ ਸਮਾਜ ਵਿਚ ਵੰਡਾਂ ਸਨ।

ਇਤਿਹਾਸਕਾਰ ਨਿਜਾਮੀ ਤਾਂ ਸ਼ਾਇਰ ਛਾਦੀ ਨੂੰ ਪੇਸ਼ ਕਰਦਾ ਹੈ। ਸ਼ਾਇਰ ਨੇ ਕਿਹਾ ਸੀ ਕਿ ਲਸ਼ਕਰੀ ਜਾਂ ਗਾਜੀ ਸਿਰਫ ਆਪਣੀ ਤਨਖਾਹ ਲਈ ਲੜਦਾ ਹੈ ਨਾ ਕਿ ਬਾਦਸ਼ਾਹ ਜਾਂ ਦੇਸ਼ ਵਾਸਤੇ। ਅਜਿਹਾ ਹੀ ਭਾਰਤੀ ਸਾਮੰਤਵਾਦੀ ਸਮਾਜ ਸੀ। ਰਾਜਪੂਤਾਂ ਨੂੰ ਜਾਤ ਤੇ ਤਲਵਾਰ ਦਾ ਗਰੂਰ ਸੀ ਇਸ ਕਰਕੇ ਉਨ੍ਹਾਂ ਨੇ ਪੰਜਾਬ, ਮੁਲਤਾਨ ਤੇ ਸਿੰਧ ਵਿਚ ਰਾਜ ਕਰਦੇ ਮੁਸਲਮਾਨਾਂ ਬਾਰੇ ਪ੍ਰਵਾਹ ਨਹੀਂ ਕੀਤੀ ਤੇ ਇਨ੍ਹਾਂ ਪ੍ਰਦੇਸਾਂ ਨੂੰ ਗੌਰੀ ਦੇ ਹਮਲਿਆਂ ਤੋਂ ਵੀ ਨਾ ਬਚਾਇਆ ਗਿਆ।

**ਪਾਠ ਵਿਚ ਆਏ ਪ੍ਰਸ਼ਨ : ਛੋਟੇ ਪ੍ਰਸ਼ਨ**

(1) ਮੁਹੰਮਦ ਗੌਰੀ ਦੀ ਗਜ਼ਨੀ ਵਿਚ ਸਫ਼ਲਤਾ ਦੱਸੋ।

(2) ਗੌਰੀ ਵੱਲੋਂ ਪੰਜਾਬ ਜਿੱਤ ਦਾ ਵਰਨਣ ਕਰੋ।

(3) ਤਰਾਇਨ ਦੀਆਂ ਲੜਾਈਆਂ ਦੀ ਮਹੱਤਤਾ ਬਿਆਨ ਕਰੋ।

(4) ਗੌਰੀ ਤੇ ਗਜ਼ਨਵੀ ਦੀ ਤੁਲਨਾ ਕਰੋ।

**ਲੰਮੇ ਪ੍ਰਸ਼ਨ :**

(1) ਮੁਹੰਮਦ ਗੌਰੀ ਦੀ ਸੈਨਾ ਦੀਆਂ ਵਿਸ਼ੇਸ਼ਤਾਵਾਂ ਦੱਸੋ।

(2) ਐਬਕ ਦੀਆਂ ਮਹੱਤਵਪੂਰਨ ਜਿੱਤਾਂ ਦਾ ਵਰਨਣ ਕਰੋ।

(3) ਪ੍ਰਿਥਵੀ ਰਾਜ ਨੇ ਤਰਾਇਨ ਯੁੱਧ ਕਿਸ ਤਰ੍ਹਾਂ ਲੜੇ ? ਗੌਰੀ ਨੇ ਉਸ ਨੂੰ ਕਿਵੇਂ ਮਾਤ ਦਿੱਤੀ।

**ਪਾਠ ਦੇ ਤਕਨੀਕੀ ਸ਼ਬਦ :**

1) ਇਕਤਾ (Iqtta)

2) ਮਹਿਮੂਦ ਦਾ ਲੜਨ ਦਾ ਢੰਗ

3) ਜਾਤ ਪ੍ਰਣਾਲੀ

**ਹੋਰ ਜਾਣਕਾਰੀ ਲਈ ਪੁਸਤਕ ਸੂਚੀ :**

1) ਸੁਰਿੰਦਰ ਸਿੰਘ, **ਮੱਧਕਾਲੀਨ ਭਾਰਤ ਦਾ ਇਤਿਹਾਸ,** ਪੰਨੇ 38–43

2) Irfan Habib, **Medieval India** (2008), pp. 07-10

3) **The Oxford History of India**, pp. 232-37

**ਪਾਠ ਨੰ. 1.4** **ਲੇਖਕ : ਨਾਜ਼ਰ ਸਿੰਘ**

## ਦਿੱਲੀ ਸਲਤਨਤ ਦੀ ਸਥਾਪਨਾ : ਇਲਤੁਤਮਿਸ਼

**ਪਾਠ ਦੀ ਬਣਤਰ :**

**ਉਦੇਸ਼**
**ਬਲਬਨ ਦੀ ਜਾਣ-ਪਛਾਣ**
**ਅਹੁਦੇ**
**ਐਬਕ ਦੀਆਂ ਸਮੱਸਿਆਵਾਂ**
**ਇਲਤੁਤਮਿਸ਼ ਦੇ ਸੰਘਰਸ਼**
**ਚੰਗੇਜ ਖਾਂ ਤੇ ਇਲਤੁਤਮਿਸ਼**
**ਪਾਠ ਦੇ ਤਕਨੀਕੀ ਸ਼ਬਦ**
**ਛੋਟੇ ਪ੍ਰਸ਼ਨ ਤੇ ਲੰਮੇ ਪ੍ਰਸ਼ਨ**
**ਹੋਰ ਜਾਣਕਾਰੀ ਲਈ ਪੁਸਤਕਾਂ**

**ਉਦੇਸ਼ :**

(1) ਇਲਤੁਤਮਿਸ਼ ਦੇ ਜੀਵਨ ਦਾ ਪਿਛੋਕੜ ਵਰਨਣ ਹੋਵੇਗਾ ਤੇ ਉਸ ਦੀਆਂ ਪਦਵੀਆਂ ਦਾ ਜ਼ਿਕਰ ਕਰਨਾ।

(2) ਸੁਲਤਾਨ ਦੀਆਂ ਔਕੜਾਂ ਦੀ ਜਾਣਕਾਰੀ ਦਾ ਵਰਨਣ ਮੱਧਕਾਲੀ ਰਾਜਨੀਤੀ ਦੀ ਵਿਆਖਿਆ ਕਰੇਗਾ।

(3) ਅਲਤਮਸ਼ ਦਾ ਦਿੱਲੀ ਪ੍ਰਬੰਧ ਉਸ ਦੇ ਰਾਜ ਪ੍ਰਬੰਧ ਤੇ ਗੁਣਾਂ ਦੀ ਜਾਣਕਾਰੀ ਦੇਵੇਗਾ।

**ਦਿੱਲੀ ਸਲਤਨਤ ਦੀ ਸਥਾਪਨਾ : ਇਲਤੁਤਮਿਸ਼**

ਇਲਤੁਤਮਿਸ਼ ਨੇ ਤੁਰਕਿਸਤਾਨ ਦੇ ਇਲਬਰੀ ਕਬੀਲੇ ਵਿਚ ਆਪਣੇ ਬਾਪ ਇਲਮ ਖਾਨ ਦੇ ਘਰ ਜਨਮ ਲਿਆ। ਪਰੰਤੂ ਉਸ ਦੇ ਆਪਣੇ ਭਾਈਆਂ ਨੇ ਇਲਤੁਤਮਿਸ਼ ਨੂੰ ਗੁਲਾਮਾਂ ਦੇ ਵਪਾਰੀ ਪਾਸ ਵੇਚ ਦਿੱਤਾ ਅਤੇ ਉਹ **ਬੁਖਾਰਾ** ਪੁੱਜ ਗਿਆ। ਫਿਰ ਉਸ ਨੂੰ ਇਕ ਹੋਰ ਵਪਾਰੀ ਨੇ ਖਰੀਦ ਕੇ **ਗਜ਼ਨੀ** ਭੇਜ ਦਿੱਤਾ। ਗਜ਼ਨੀ ਦੇ ਸੁਲਤਾਨ ਮੁਈਜ-ਉਦ-ਦੀਨ ਨੇ ਉਸ ਨੂੰ ਤਮਗਾਬ ਐਬਕ ਸਮੇਤ ਖਰੀਦ ਲਿਆ। ਇਕ ਸਾਲ ਗਜ਼ਨੀ ਰਹਿ ਕੇ ਇਲਤੁਤਮਿਸ਼ ਫਿਰ ਬੁਖਾਰਾ ਪਰਤ ਆਇਆ ਤੇ ਤਿੰਨ ਸਾਲ ਉਥੇ ਰਿਹਾ। ਪਰ ਉਸ ਨੂੰ ਫਿਰ ਗਜ਼ਨੀ ਲਿਆਂਦਾ ਗਿਆ। ਕੁਤਬ-ਉਦ-ਦੀਨ ਐਬਕ ਉਸ ਨੂੰ ਖਰੀਦ ਕੇ ਦਿੱਲੀ ਲੈ ਆਇਆ।

**ਅਹੁਦੇ :**

ਇਲਤੁਤਮਿਸ਼ ਦੀ ਜੀਵਨ ਯਾਤਰਾ ਹੇਠ ਲਿਖੀਆਂ ਉਪਾਧੀਆਂ ਵਿਚੋਂ ਗੁਜਰੀ :

(ੳ) ਅੰਗ ਰੱਖਿਅਕਾਂ ਦਾ ਸਰਦਾਰ ਜਾਂ ਮੁਖੀ (ਸਰ-ਜਾਨਦਾਰ)

(ਅ) **ਅਮੀਰ-ਏ-ਸ਼ਿਕਾਰ**

(ੲ) ਬਲੰਦ ਸ਼ਹਿਰ ਇਲਾਕੇ ਦਾ ਇਕਤਾਦਾਰ

(ਸ) ਕੁਤਬ ਐਬਕ ਦਾ ਜਵਾਈ ਬਣਿਆ।

(ਹ) ਖੋਖਰ ਕਬੀਲੇ ਨੂੰ ਹਰਾ ਕੇ ਆਪ ਗੁਲਾਮੀ ਤੋਂ ਮੁਕਤੀ ਪਾ ਲਈ।

(ਕ) ਐਬਕ ਦੀ 1210 ਈ. 'ਚ ਮੌਤ ਹੋ ਗਈ। ਇਲਤੁਤਮਿਸ਼ ਇਸ ਸਮੇਂ ਬਦਾਯੂੰ ਵਿਖੇ ਸੀ। ਉਸ ਨੇ ਤੇਜੀ ਨਾਲ ਦਿੱਲੀ ਤੇ ਹਮਲਾ ਕਰਕੇ ਇਸ ਨੂੰ ਜਿੱਤ ਲਿਆ। ਅਮੀਰਾਂ ਦਾ **ਮੁਈਜੀ** ਤੇ **ਕੁਤਬੀ** ਗਰੁੱਪ ਉਸ ਦਾ ਵਿਰੋਧੀ ਸੀ। ਇਨਾਂ ਅਮੀਰਾਂ ਨੇ

ਅਗਮਸ਼ਾਹ ਵਲੋਂ ਇਲਤੁਤਮਿਸ਼ ਨਾਲ ਯੁੱਧ ਕੀਤਾ ਪਰ ਇਲਤੁਤਮਿਸ਼ ਜਿੱਤ ਗਿਆ ਤੇ ਹੇਠ ਲਿਖੇ ਇਲਾਕੇ ਉਸ ਅਧੀਨ ਆ ਗਏ :

1) ਦਿੱਲੀ ਦੇ ਆਸ ਪਾਸ ਖੇਤਰ
2) ਬਦਾਯੂੰ
3) ਅਵੱਧ
4) ਬਨਾਰਸ ਅਤੇ
5) ਸ਼ਿਵਾਲਕ

**ਕੁਤਬ–ਉਦ–ਦੀਨ ਐਬਕ ਦੀਆਂ ਸਮੱਸਿਆਵਾਂ :–**

ਇਲਤੁਤਮਿਸ਼ ਨੇ ਭਾਵੇਂ ਐਬਕ ਦੇ ਵਿਰੋਧੀ ਖੜੇ ਲੋਕਾਂ ਨੂੰ ਬਰਬਾਦ ਕਰ ਦਿੱਤਾ ਪਰੰਤੂ ਤਿੰਨ ਸ਼ਕਤੀਸ਼ਾਲੀ ਸੂਬੇਦਾਰ ਐਬਕ ਤੇ ਇਲਤੁਤਮਿਸ਼ ਵਿਰੁੱਧ ਬਗਾਵਤਾਂ ਕਰ ਰਹੇ ਸਨ। ਬਾਗੀ ਸੂਬੇਦਾਰ ਸਨ :

1) ਯਲਦੁਜ ਗਜ਼ਨੀ ਵਿਚ
2) ਕਬਾਚਾ ਮੁਲਤਾਨ ਵਿਚ
3) ਅਲੀ ਮਰਦਾਨ ਲਖਨੌਟੀ ਵਿਚ
4) ਦਿੱਲੀ ਸੁਲਤਾਨ ਨੂੰ ਉੱਤਰ–ਪੱਛਮੀ ਭਾਰਤ ਵਿਚ ਮੰਗੋਲ ਹਮਲੇ ਦਾ ਸਾਹਮਣਾ ਕਰਨਾ ਪੈ ਰਿਹਾ ਸੀ।
5) ਪੱਛਮੀ ਤੇ ਮੱਧ ਭਾਰਤ ਵਿਚ ਰਾਜਪੂਤ ਫਿਰ ਤੋਂ ਆਪਣੀ ਸ਼ਕਤੀ ਲਈ ਯਤਨ ਕਰ ਰਹੇ ਸਨ।
6) ਜਰੂਰੀ ਸੀ ਕਿ ਇਲਤੁਤਮਿਸ਼ ਆਪਣੀ ਸ਼ਕਤੀ ਮਜਬੂਤ ਕਰੇ।

ਇਤਿਹਾਸਕਾਰ **ਨਿਜਾਮੀ** ਅਨੁਸਾਰ ਸੁਲਤਾਨ ਨੇ 26 ਸਾਲ ਰਾਜ ਕੀਤਾ ਤੇ ਇਨ੍ਹਾਂ ਸਾਲਾਂ ਦੀ ਵੰਡ ਇਸ ਤਰ੍ਹਾਂ ਕੀਤੀ ਜਾ ਸਕਦੀ ਹੈ :

(1) 1210–1220 ਈ. ਤੱਕ ਇਲਤੁਤਮਿਸ਼ ਨੇ ਆਪਣੇ ਵਿਰੋਧੀ ਦਬਾ ਲਏ।
(2) 1221 ਤੋਂ 1227 ਈ. ਤੱਕ ਚੰਗੇਜ ਖ਼ਾਨ ਦੇ ਹਮਲੇ ਦਾ ਸਾਹਮਣਾ ਕੀਤਾ। ਚੰਗੇਜ ਮੰਗੋਲ ਸੀ।
(3) 1228 ਤੋਂ 1236 ਈ. ਤੱਕ ਆਪਣੇ ਨਿਜੀ ਤੇ ਵੰਸ਼ ਦੇ ਸੱਤਾ ਅਧਿਕਾਰ ਮਜਬੂਤ ਕਰਨ ਦਾ ਯਤਨ ਕੀਤਾ।

**ਬਾਗੀਆਂ ਵਿਰੁੱਧ ਸੰਘਰਸ਼ :**

ਕਬਾਚਾ ਨੇ ਲਾਹੌਰ ਤੇ ਕਬਜਾ ਕਰ ਲਿਆ। ਯਲਦੁਜ ਨੇ ਗਜ਼ਨੀ ਛੱਡ ਕੇ ਕਬਾਚਾ ਨੂੰ ਲਾਹੌਰ ਵਿਚੋਂ ਕੱਢ ਦਿੱਤਾ। ਇਲਤੁਤਮਿਸ਼ ਨੇ ਕੁਝ ਸਮੇਂ ਲਈ ਯਲਦੁਜ ਦੀ ਸਫਲਤਾ ਨੂੰ ਮੰਨ ਲਿਆ। ਯਲਦੁਜ ਨੇ ਉਸ ਨੂੰ ਸੁਲਤਾਨ ਸਵੀਕਾਰ ਕੀਤਾ ਪਰ ਆਪ ਲਾਹੌਰ ਤੇ ਥਾਨੇਸਰ ਵਿਚਕਾਰ ਖੇਤਰ ਉੱਪਰ ਕਬਜਾ ਕਰ ਲਿਆ। ਜੇਤੂ ਯਲਦੁਜ ਆਪ ਸੁਲਤਾਨ ਹੋਣ ਦੀ ਕੋਸ਼ਿਸ਼ ਕਰਨ ਲੱਗਿਆ। ਇਲਤੁਤਮਿਸ਼ ਨੇ ਇਹ ਮੰਗ ਠੁਕਰਾ ਦਿੱਤੀ ਤੇ ਯੁੱਧ ਕੀਤਾ। ਯਲਦੁਜ ਬੰਦੀ ਬਣਿਆ, ਦਿੱਲੀ ਤੋਂ ਬਦਾਯੂੰ ਲਿਜਾ ਕੇ ਉਸ ਦਾ ਕਤਲ ਕਰਾ ਦਿੱਤਾ ਗਿਆ।

ਨਾਸਿਰ–ਉਦ–ਦੀਨ ਕਬਾਚਾ, ਐਬਕ ਦੀ ਮੌਤ ਪਿਛੋਂ ਮੁਲਤਾਨ, ਸੀਵਿਸਤਾਨ, ਕੇਬਲ ਤੇ ਸਮੁੰਦਰੀ ਤੱਟ ਦਾ ਮਾਲਕ ਸੀ। ਉਸ ਨੇ ਸਿੰਧ ਦੇ ਸਾਰੇ ਕਿਲੇ ਤੇ ਸ਼ਹਿਰ ਜਿੱਤ ਕੇ ਬਠਿੰਡਾ ਤੇ ਘੁੜਾਮ ਵੱਲ ਸਫਲਤਾ ਵੀ ਹਾਸਲ ਕੀਤੀ। ਜਦ ਯਲਦੁਜ ਤੇ ਇਲਤੁਤਮਿਸ਼ ਤਰਾਇਨ ਵਿਚ ਲੜ ਰਹੇ ਸਨ ਤਾਂ ਕਬਾਚਾ ਨੇ ਲਾਹੌਰ ਜਿੱਤ ਲਿਆ। ਇਲਤੁਤਮਿਸ਼ ਨੇ ਆਪ ਕਬਾਚਾ ਤੇ ਹਮਲਾ ਕਰਕੇ 1217 ਈ. ਨੂੰ ਉਸ ਨੂੰ ਚਨਾਬ ਦਰਿਆ ਦੇ ਕੰਢੇ ਵਸੇ ਮੰਸੂਰਾ ਵਿਖੇ ਹਰਾ ਦਿੱਤਾ ਅਤੇ ਲਾਹੌਰ ਆਪਣੇ ਪੁੱਤਰ ਨਸੀਰ–ਉਦ–ਦੀਨ ਮਹਿਮੂਦ ਦੇ ਅਧੀਨ ਦੇ ਦਿੱਤਾ।

1228 ਈ. ਦੇ ਆਰੰਭ ਵਿਚ ਇਲਤੁਤਮਿਸ਼ ਨੇ ਕਬਾਚਾ ਨੂੰ ਖਤਮ ਕਰਨ ਦਾ ਫੈਸਲਾ ਲਿਆ। ਉਸ ਦੇ ਪੁੱਤਰ ਨੇ ਲਾਹੌਰ ਤੋਂ ਮੁਲਤਾਨ ਤੇ ਹਮਲਾ ਕੀਤਾ। ਜਦੋਂ ਕਬਾਚੇ ਨੂੰ ਖ਼ਬਰ ਮਿਲੀ ਤਾਂ ਉਹ ਭੱਖਰ ਵੱਲ ਰਵਾਨਾ ਹੋ ਗਿਆ। ਆਪਣੀ ਸੈਨਾ ਨੂੰ ਦੋ ਹਿੱਸਿਆਂ 'ਚ ਵੰਡ ਕੇ ਇਲਤੁਤਮਿਸ਼ ਨੇ ਪਹਿਲਾ **ਉੱਚ** ਜਿੱਤ ਲਿਆ ਤੇ ਕਬਾਚਾ ਦੀ ਸੰਧੀ ਦੀ ਪੇਸ਼ਕਸ਼ ਠੁਕਰਾ ਦਿੱਤੀ। ਕਬਾਚਾ ਨੇ ਸਿੰਧ ਦਰਿਆ ਵਿਚ ਛਾਲ ਮਾਰ ਦਿੱਤੀ ਤੇ ਮਰ ਗਿਆ। ਇਲਤੁਤਮਿਸ਼ ਨੇ 12 ਕਿਲੇ ਜਿੱਤੇ ਅਤੇ ਸਿੰਧ ਤੇ ਦੇਵਲ ਦਾ ਸੁਲਤਾਨ ਬਣ ਗਿਆ।

**ਬੰਗਾਲ ਤੇ ਬਿਹਾਰ :–**

1226 ਈ. ਵਿਚ ਇਲਤੁਤਮਿਸ਼ ਜਾਂ ਅਲਤਮਸ਼ ਨੇ ਰਣਥੰਬੋਰ ਨੂੰ ਫਿਰ ਖੋਹ ਲਿਆ। 1230–31 ਦੀਆਂ ਸਰਦੀਆਂ ਵਿਚ ਬੰਗਾਲ ਦੇ ਖਿਲਜੀ ਤੇ ਮਲਿਕ ਮੁਖੀ ਪੂਰੇ ਤੌਰ ਤੇ ਅਧੀਨ ਕਰ ਲਏ ਅਤੇ ਅਲਾ–ਉਦ–ਦੀਨ ਜਾਨੀ ਨੂੰ ਲਖਨੌਤੀ ਦਾ ਸ਼ਾਸਕ ਥਾਪ ਦਿੱਤਾ। 23 ਮਈ ਨੂੰ ਗਵਾਲੀਅਰ ਹਿੰਦੂ ਰਾਜੇ ਮੰਗਲਦੇਵ ਤੋਂ ਖੋਹ ਲਿਆ। ਇਸ ਸਾਲ ਮਾਲਵਾ ਰਾਜ ਤੇ ਹਮਲਾ ਕਰਕੇ ਭੀਲਸਾ ਦੇ ਕਿਲ੍ਹੇ ਤੇ ਕਬਜਾ ਕਰ ਲਿਆ। ਇਸ ਤੋਂ ਬਾਅਦ ਉਜੈਨ ਸ਼ਹਿਰ ਤੇ ਕਬਜਾ ਕੀਤਾ। ਅਲਤਮਸ ਦਾ ਅੰਤਿਮ ਹਮਲਾ ਬਨਿਅਨ ਤੇ ਹੋਇਆ ਪਰ ਦਿੱਲੀ ਨੂੰ ਵਾਪਸ ਆ ਰਿਹਾ ਉਹ ਬੀਮਾਰ ਹੋ ਗਿਆ ਤੇ 29 ਅਪ੍ਰੈਲ 1236 ਈ. ਨੂੰ ਇਲਤੁਤਮਿਸ਼ ਦੀ ਮ੍ਰਿਤੂ ਹੋ ਗਈ।

**ਚੰਗੇਜ ਖਾਨ ਤੇ ਇਲਤੁਤਮਿਸ਼ :–**

ਅਲਤਮਸ਼ ਦੇ ਰਾਜ ਕਾਲ 1221 ਈ. ਵਿਚ ਪਹਿਲੇ ਪਹਿਲ ਮੰਗੋਲ ਚੰਗੇਜ ਖਾਨ ਅਧੀਨ ਸਿੰਧ ਕਿਨਾਰੇ ਆ ਗਏ। ਚੰਗੇਜ ਦਾ ਮੂਲ ਨਾਮ ਤਿਮੂਚਨ ਸੀ ਤੇ ਉਸ ਦਾ ਜਨਮ 1155 ਈ. ਨੂੰ ਹੋਇਆ। ਉਹ ਕੇਵਲ ਜੇਤੂ ਨਹੀਂ ਸੀ ਸਗੋਂ ਦੁੱਖ ਤਾਂ ਉਸੇ ਦੇ ਘਰ ਵਿਚ ਸਨ। ਫਿਰ ਵੀ ਸਿੱਖਿਆ ਕਾਰਨ ਉਸ ਵਿਚ ਧੀਰਜ ਆਇਆ ਤੇ ਆਤਮ ਵਿਸ਼ਵਾਸ ਵੀ। ਉਸ ਨੇ ਮੱਧ ਏਸ਼ੀਆ ਦੇ ਸਾਮਰਾਜ ਵਿਚ ਕਬੀਲਿਆਂ ਦਾ ਸੰਗਠਨ ਉਸਾਰਿਆ, ਐਸੇ ਨਿਯਮ ਤੇ ਸੰਸਥਾਵਾਂ ਬਣਾਈਆਂ ਜੋ ਸਦੀਆਂ ਤੱਕ ਚਲਦੀਆਂ ਰਹੀਆਂ। ਬਿਜਲੀ ਵਰਗੇ ਤੇਜ ਚੰਗੇਜ ਨੇ ਮੱਧ ਤੇ ਪੱਛਮੀ ਏਸ਼ੀਆ ਦੇ ਅਨੇਕਾਂ ਦੇਸ਼ਾਂ ਨੂੰ ਲਿਤਾੜ ਦਿੱਤਾ। ਉਸ ਨੇ ਖੀਵਾ ਦੇ ਸਾਧਕ ਜਲਾਲਉਦ ਦੀਨ ਨੂੰ ਪੰਜਾਬ ਵੱਲ ਭਜਾ ਦਿੱਤਾ। ਦਿੱਲੀ ਸੁਲਤਾਨ ਨੇ ਜਲਾਲ ਨੂੰ ਸ਼ਰਨ ਨਾ ਦਿੱਤੀ। ਜਲਾਲ ਨੇ ਮੁਲਤਾਨ ਦੇ ਕਬਾਚਾ ਹੁਕਮਰਾਨ ਨੂੰ ਹਰਾ ਕੇ ਸਿੰਧ ਤੇ ਉੱਤਰੀ ਗੁਜਰਾਤ ਤੇ ਹਮਲਾ ਕਰ ਦਿੱਤਾ ਪਰੰਤੂ ਮੰਗੋਲ ਪਿੱਛੇ ਹਟ ਗਏ।

ਅਲਤਮਸ ਦਿੱਲੀ ਦੀ ਮੁੱਢਲੀ ਤੁਰਕ ਸਲਤਨਤ ਜੋ ਕਿ 1290 ਈ. ਤੱਕ ਕਾਇਮ ਰਹੀ, ਦਾ ਸਰਵਸ੍ਰੇਸ਼ਟ ਰਾਜਾ ਸੀ। ਉਸ ਨੇ ਕੁਤਬ ਦੀਨ ਰਾਹੀਂ ਜਿੱਤੇ ਪ੍ਰਦੇਸ਼ਾਂ ਨੂੰ ਇਕ ਸ਼ਕਤੀਸ਼ਾਲੀ ਰਾਜ 'ਚ ਢਾਲ ਦਿੱਤਾ। ਇਹ ਰਾਜ ਉਸ ਦੀ ਮੌਤ ਸਮੇਂ ਸਾਰੇ ਹਿੰਦੁਸਤਾਨ ਵਿਚ ਫੈਲਿਆ ਹੋਇਆ ਸੀ।

ਅਲਤਮਸ ਇਕ ਨਿਧੜਕ ਯੋਧਾ ਸੀ। ਉਸ ਵਿਚ ਅਨੇਕਾਂ ਹੋਰ ਗੁਣ ਸਨ : ਕਲਾ ਤੇ ਵਿਦਿਆ ਦਾ ਸਰਪ੍ਰਸਤ ਸੀ। ਦਿੱਲੀ ਦੀ ਪ੍ਰਸਿੱਧ ਕੁਤਬ ਮੀਨਾਰ ਨੂੰ ਸੁਲਤਾਨ ਨੇ 1231–32 ਵਿਚ ਪੂਰਾ ਕੀਤਾ। ਮੀਨਾਰ ਦਾ ਨਾਮ ਬਗਦਾਦ ਦੇ ਨਜਦੀਕ ਰਹਿੰਦੇ ਖਵਾਜਾ ਕੁਤਬੁ–ਉਦ–ਦੀਨ ਦੇ ਨਾਮ ਤੋਂ ਲਿਆ ਜਾਂਦਾ ਰਿਹਾ ਕਿਉਂਕਿ ਅਲਤਮਸ ਉਸ ਦੀ ਕਦਰ ਕਰਦਾ ਸੀ। ਸੁਲਤਾਨ ਅਲਤਮਸ ਨੇ ਇਕ ਸ਼ਾਨਦਾਰ ਮਸੀਤ ਵੀ ਬਣਾਈ। ਉਹ ਆਪ ਨਿਮਾਜ ਪੜ੍ਹਦਾ ਸੀ ਤੇ ਵਿਦਵਾਨ ਦਰਵੇਸਾਂ ਦਾ ਆਦਰ ਕਰਦਾ ਸੀ। ਇਤਿਹਾਸਕਾਰ ਮਿਨਹਾਜ਼ ਉਦ ਸਿਰਾਜ਼ ਲਿਖਦਾ ਹੈ ਕਿ ਅਲਤਮਸ ਵਰਗਾ ਸੁਲਤਾਨ ਕਦੇ ਵੀ ਤਖਤ ਤੇ ਨਹੀਂ ਬੈਠਿਆ। ਕੁਝ ਸ਼ਿਲਾਲੇਖ ਉਸ ਨੂੰ 'ਅਲ੍ਹਾ ਦੀ ਧਰਤੀ ਦਾ ਰਾਖਾ' ਅਤੇ 'ਖੁਦਾ ਦੇ ਚੇਲਿਆਂ ਦਾ ਸਹਾਇਕ' ਆਖਦੇ ਹਨ।

**ਇਲਤੁਤਮਿਸ਼ ਦਾ ਦਿੱਲੀ ਪ੍ਰਬੰਧ :**

ਇਲਤੁਤਮਿਸ਼ ਨੇ ਦਿੱਲੀ ਸ਼ਹਿਰ ਨੂੰ ਆਪਣੇ ਰਾਜ ਦੀ ਸਥਾਈ ਰਾਜਧਾਨੀ ਬਣਾ ਕੇ ਇਸ ਦਾ ਆਰਥਿਕ ਤੇ ਸਭਿਆਚਾਰਕ ਵਿਕਾਸ ਸ਼ੁਰੂ ਕਰਵਾਇਆ। ਉਸ ਨੇ ਸਫੇਦ ਰਾਜ ਮਹਿਲ, ਕੁਤਬ ਮੀਨਾਰ ਤੇ ਹੌਜੇ ਸ਼ਮਸੀ ਦੀ ਉਸਾਰੀ ਕਰਵਾਈ। ਬਹੁਤ ਸਾਰੀਆਂ ਇਮਾਰਤਾਂ, ਮਸਜਿਦਾਂ, ਮਕਬਰੇ, ਮਦਰੱਸੇ, ਖਾਨਦਾਹ, ਤਲਾਬ ਤੇ ਸਰਾਵਾਂ ਤਿਆਰ ਹੋ ਗਈਆਂ। ਸ਼ਿਲਪਕਾਰਾਂ ਤੇ ਮਜਦੂਰਾਂ ਦੀ ਵੱਡੀ ਗਿਣਤੀ ਨਗਰ ਅੰਦਰ ਵਸ ਗਈ। ਬਹੁਤ ਸਾਰੇ ਗੈਰ–ਅਰਬ ਸੈਨਿਕ, ਅਧਿਕਾਰੀ, ਮੁਨਸ਼ੀ, ਸੌਦਾਗਰ, ਕਾਰੀਗਰ, ਦਾਰਸ਼ਨਿਕ, ਅਧਿਆਪਕ, ਵਿਦਿਆਰਥੀ, ਲੇਖਕ, ਸ਼ਾਇਰ ਤੇ ਸੂਫ਼ੀ ਦਿੱਲੀ ਆ ਕੇ ਵੱਸੇ। ਅਨੇਕਾਂ ਕਾਰਖਾਨੇ ਸਨ ਤੇ ਇਕਤਾਦਾਰ ਵੀ ਦਿੱਲੀ ਆਉਂਦੇ ਸਨ। ਅਨਾਜ, ਕੱਪੜਾ, ਪਸ਼ੂਆਂ ਤੇ ਗੁਲਾਮਾਂ ਲਈ ਵਿਸ਼ਾਲ ਮੰਡੀ ਸੀ। ਵਪਾਰ ਦੇ ਸੰਗ ਵਿਦਿਆ ਤੇ ਸਾਹਿਤ ਵਿਕਸਤ ਹੋਇਆ। ਇੰਝ ਦਿੱਲੀ ਏਸ਼ੀਆ ਦਾ ਮਹੱਤਵਪੂਰਨ ਸ਼ਹਿਰ ਬਣ ਗਿਆ।

ਇਲਤੁਤਮਿਸ਼ ਨੇ ਦਿੱਲੀ ਸਲਤਨਤ ਦਾ ਗਜ਼ਨੀ ਨਾਲੋਂ ਨਾਤਾ ਤੋੜ ਕੇ ਇਸ ਨੂੰ ਆਜਾਦ ਤੇ ਖੁਦਮੁਖਤਾਰ ਰਾਜ ਦਾ ਦਰਜਾ ਦੁਆਇਆ। ਉਸ ਦੀ ਖੁਸ਼ਹਾਲੀ ਦਾ ਆਦਰ ਕਰਦਿਆਂ ਖਲੀਫਾ, ਅੱਲ ਮੁਸਤਨਸਰ ਬਿੱਲਾਹ ਨੇ ਬਗਦਾਦ ਤੋਂ ਉਸ ਲਈ ਅਭਿਸੇਕ ਪੱਤਰ (deed of investiture) ਭੇਜਿਆ। ਇਹ ਗੌਰਵਮਈ ਸਨਮਾਨ ਸੀ। ਇਲਤੁਤਮਿਸ਼ ਭਾਰਤ ਵਿਚ ਤੁਰਕ ਰਾਜ ਦਾ ਮੋਢੀ ਸੀ।

**ਪਾਠ ਦੇ ਤਕਨੀਕੀ ਸ਼ਬਦ :**

1) ਇਕਤਾਦਾਰੀ ਜਾਂ ਇਕਤਾ ਪ੍ਰਣਾਲੀ

2) ਅਭਿਸੇਕ ਪੱਤਰ

3) ਦਿੱਲੀ ਸ਼ਹਿਰ ਦੀ ਖੁਸ਼ਹਾਲੀ

4) ਕੁਤਬ ਮੀਨਾਰ

5) ਕੁਲੀਨ ਵਰਗ

6) ਦਿਰਮ

**ਵਿਦਿਆਰਥੀ ਲਈ ਛੋਟੇ ਪ੍ਰਸ਼ਨ :**

1) ਇਲਤੁਤਮਿਸ਼ ਦਾ ਮੁੱਢਲਾ ਜੀਵਨ ਦੱਸੋ ਜਾਂ ਦੱਸੋ ਕਿ ਉਹ ਦਿੱਲੀ ਕਿਸ ਤਰ੍ਹਾਂ ਪਹੁੰਚਿਆ ?

2) ਇਲਤੁਤਮਿਸ਼ ਦੀਆਂ ਭਾਰਤ ਵਿਚ ਔਕੜਾਂ ਕੀ ਸਨ ?

3) ਦਿੱਲੀ ਦਾ ਪ੍ਰਬੰਧ ਇਲਤੁਤਮਿਸ਼ ਸਮੇਂ ਕਿਵੇਂ ਕੀਤਾ ਜਾਂਦਾ ਸੀ। ਵਿਆਖਿਆ ਕਰੋ।

4) ਕਬਾਚਾ ਅਤੇ ਯਲਦੁਜ ਦੀਆਂ ਬਗਾਵਤਾਂ ਬਿਆਨ ਕਰੋ।

**ਲੰਮੇ ਪ੍ਰਸ਼ਨ :**

1) ਕੁਤਬ-ਉਦ-ਦੀਨ ਐਬਕ ਦੀਆਂ ਸਮੱਸਿਆਵਾਂ ਦਾ ਵਰਨਣ ਕਰੋ।

2) ਇਲਤੁਤਮਿਸ਼ ਨੇ ਭਾਰਤ ਵਿਚ ਤੁਰਕ ਸਾਮਰਾਜ ਕਿਵੇਂ ਉਸਾਰਿਆ ? ਬਿਆਨ ਕਰੋ।

3) ਇਲਤੁਤਮਿਸ਼ ਦੀ ਦਿੱਲੀ ਸਲਤਨਤ ਨੂੰ ਕੀ ਦੇਣ ਸੀ ?

**ਹੋਰ ਜਾਣਕਾਰੀ ਲਈ ਪੁਸਤਕਾਂ :**

1) ਸੁਰਿੰਦਰ ਸਿੰਘ, **ਮੱਧਕਾਲੀਨ ਭਾਰਤ ਦਾ ਇਤਿਹਾਸ,** ਪੰਨੇ 67-79

2) **ਭਾਰਤ ਦਾ ਬ੍ਰਿਹਤ ਇਤਿਹਾਸ,** ਪੰਨੇ 08-11

3) S.A.A.RIZVI, **The Wonder That was India Part II** (1997), pp. 24-29

**ਪਾਠ ਨੰ. 1.5** **ਲੇਖਕ : ਨਾਜ਼ਰ ਸਿੰਘ**

## ਬਲਬਨ ਅਧੀਨ ਦਿੱਲੀ ਸਲਤਨਤ

**ਪਾਠ ਦੀ ਬਣਤਰ :**

**ਉਦੇਸ਼ (Objectives)**
**ਜਾਣ-ਪਛਾਣ (Introduction)**
**ਦਿੱਲੀ ਸਲਤਨਤ ਦਾ ਪਿਛੋਕੜ**
**ਬਲਬਨ ਦੀ ਸ਼ਖ਼ਸੀਅਤ**
**ਸੁਲਤਾਨ ਦੀਆਂ ਪ੍ਰਾਪਤੀਆਂ**
**ਪਾਠ ਵਿਚ ਆਏ ਨੁਕਤੇ ਤੇ ਤਕਨੀਕੀ ਸ਼ਬਦ**
**ਅਭਿਆਸ ਲਈ ਛੋਟੇ ਤੇ ਵੱਡੇ ਪ੍ਰਸ਼ਨ**
**ਹੋਰ ਜਾਣਕਾਰੀ ਲਈ ਪੁਸਤਕਾਂ**

**ਉਦੇਸ਼ :**

(1) ਸ਼ੁਰੂ ਵਿਚ ਅਲਤਮਸ਼ ਤੇ ਬਲਬਨ ਦੇ ਸੰਬੰਧਾਂ ਦੀ ਜਾਣਕਾਰੀ ਦੇਣਾ।

(2) ਤਖਤ ਤੇ ਬੈਠਣ ਸਾਰ ਬਲਬਨ ਵੱਲੋਂ ਆਪਣੀਆਂ ਔਕੜਾਂ ਨੂੰ ਦੂਰ ਕਰਨਾ।

(3) ਬਲਬਨ ਦੁਆਰਾ ਸਥਾਪਤ ਰਾਜ ਪ੍ਰਬੰਧ ਦੀ ਵਿਆਖਿਆ ਕਰਨਾ ਤੇ ਜਗੀਰਦਾਰੀ ਪ੍ਰਣਾਲੀ ਨੂੰ ਸੁਧਾਰਨਾ।

(4) ਮੰਗੋਲਾ ਤੋਂ ਉੱਤਰ-ਪੱਛਮ ਸੀਮਾ ਦੀ ਸੁਰੱਖਿਆ ਕਰਨ ਵਾਸਤੇ ਬਲਬਨ ਦੀ ਨੀਤੀ ਦਾ ਹਾਲ ਦੱਸਣਾ।

**ਬਲਬਨ ਦੀ ਜਾਣ-ਪਛਾਣ :-**

ਬਲਬਨ ਤੁਰਕਸਤਾਨ ਦੇ ਅਲਬਰੀ ਕਬੀਲੇ ਵਿਚੋਂ ਸੀ। ਮੁੱਢਲੇ ਜਵਾਨੀ ਦੇ ਵਰਿਆਂ ਵਿਚ ਉਸਨੂੰ ਮੰਗੋਲ ਕੈਦ ਕਰਕੇ ਬਗਦਾਦ ਲੈ ਗਏ ਸਨ। ਉਥੇ ਜਮਾਲ ਉਦ ਦੀਨ ਦਹਾ ਦੇ ਇਕ ਧਾਰਮਿਕ ਵਿਦਵਾਨ ਨੇ ਉਸ ਨੂੰ ਖਰੀਦ ਲਿਆ। ਖਵਾਜਾ ਜਮਾਲ ਉਦ ਦੀਨ ਉਸ ਨੂੰ ਆਪਦੇ ਹੋਰ ਗੁਲਾਮਾਂ ਸਮੇਤ 1232 ਈ. ਨੂੰ ਦਿੱਲੀ ਲੈ ਆਇਆ। ਦਿੱਲੀ ਉਸ ਨੂੰ ਗੁਲਾਮ ਟੋਲੀ ਸਮੇਤ ਅਲਤਮਸ਼ ਨੇ ਖਰੀਦ ਕੇ ਆਪਣੀ ਚੇਹਲਾਗਾਨ ਜਾਂ **ਚਲੀਸ** ਨਾਂ ਦੀ ਤੁਰਕੀ ਗੁਲਾਮਾਂ ਦੀ ਪ੍ਰਸਿੱਧ ਜੁੰਡਲੀ ਵਿਚ ਰੱਖ ਲਿਆ। ਸੁਲਤਾਨ ਇਲਤੁਤਮਿਸ਼ ਜਾਂ ਅਲਤਮਸ ਨੇ ਉਸ ਨੂੰ ਖਾਸਦਾਰ ਜਾਂ ਨਿਜੀ ਸੇਵਕ ਨਿਯੁਕਤ ਕੀਤਾ। ਇਸ ਤੋਂ ਬਾਅਦ ਬਲਬਨ ਹੋਰ ਉੱਚੇ ਅਹੁਦਿਆਂ ਤੇ ਗਿਆ ਤੇ ਅੰਤ ਵਿਚ ਨਾਸੁਰ-ਉਦ-ਦੀਨ ਮਹਿਮੂਦ ਦਾ ਪ੍ਰਤੀਨਿਧ ਜਾਂ **ਨਾਇਬ-ਇ-ਮਮਲਕਤ** ਬਣ ਗਿਆ ਤੇ 1249 ਈ. ਨੂੰ ਉਸਦੀ ਸ਼ਾਦੀ ਜਾਂ ਵਿਆਹ ਸੁਲਤਾਨ ਦੀ ਲੜਕੀ ਨਾਲ ਹੋ ਗਿਆ। ਅਲਤਮਸ ਸੁਲਤਾਨ ਸੀ।

**ਹੋਰ ਉਪਾਧੀਆਂ :**

(ੳ) **ਅਮੀਰ-ਏ-ਸ਼ਿਕਾਰ :-** ਰਜੀਆ ਦੇ ਰਾਜ ਸਮੇਂ ਬਲਬਨ ਅਮੀਰ-ਏ-ਸ਼ਿਕਾਰ ਬਣ ਗਿਆ।

(ਅ) ਬਹਿਰਾਮ ਸ਼ਾਹ ਨੇ ਉਸ ਨੂੰ ਰਿਵਾੜੀ ਤੇ ਹਾਂਸੀ ਦੀਆਂ ਜਗੀਰਾਂ ਦੇ ਦਿੱਤੀਆਂ।

(ੲ) ਸੁਲਤਾਨ ਅਲਾਉਦ ਦੀਨ ਮਸੂਦ ਅਧੀਨ ਬਲਬਨ ਅਮੀਰੇ ਹਾਜਿਬ ਬਣਿਆ।

**ਮੰਤਰੀ ਦਾ ਅਹੁਦਾ :**

1246 ਈ. ਤੋਂ ਸ਼ੁਰੂ ਹੋ ਕੇ 20 ਸਾਲਾਂ ਤੱਕ ਬਲਬਨ ਮੰਤਰੀ ਦੇ ਅਹੁਦੇ ਉੱਤੇ ਸੀ। ਕਿਉਂਕਿ ਨਸੀਰ-ਉਦ-ਦੀਨ ਤਾਂ ਨਾਮਾਤਰ ਹੀ ਸੁਲਤਾਨ ਸੀ। ਸੋ ਰਾਜ ਦੀ ਅਸਲ ਸ਼ਕਤੀ ਬਲਬਨ ਦੇ ਹੱਥਾਂ ਵਿਚ ਰਹੀ। ਉਸ ਨੇ ਖੋਖਰਾਂ ਦੀ ਬਗਾਵਤ ਕੁਚਲੀ ਅਤੇ

ਮੰਗੋਲ ਹਮਲਾਵਰਾਂ ਨੂੰ ਵਾਪਸ ਭੱਜਣ ਲਈ ਮਜਬੂਰ ਕੀਤਾ। 1246 ਈ. ਤੋਂ ਬਾਅਦ ਬਲਬਨ ਨੇ ਅਨੇਕਾਂ ਹਿੰਦੂ ਸਰਦਾਰਾਂ ਨੂੰ ਦਬਾਇਆ ਤੇ ਕਨੌਜ ਦੇ ਕਿਲ੍ਹੇ ਉੱਪਰ ਕਬਜਾ ਕੀਤਾ। 1249 ਈ. ਤੱਕ ਉਸ ਨੇ ਦਿੱਲੀ ਦਾ ਰਾਜ ਘਰੋਗੀ ਬਗਾਵਤ ਤੋਂ ਮੁਕਤ ਕਰ ਲਿਆ।

**ਦਿੱਲੀ ਦੇ ਤਖਤ ਉੱਤੇ ਬੈਠਣਾ :-**

ਨਾਸਿਰ ਉਦ ਦੀਨ ਦੀ ਮੌਤ 1266 ਈ. ਵਿਚ ਹੋ ਗਈ। ਬਲਬਨ ਦਿੱਲੀ ਦੇ ਤਖਤ ਉੱਤੇ ਬੈਠ ਗਿਆ। ਇਸ ਵੇਲੇ ਤੁਰਕ ਸਰਦਾਰ ਅਤੇ ਮੰਗੋਲ ਖਤਰਾ ਬਣੇ ਹੋਏ ਸਨ। ਬਲਬਨ ਨੇ ਯਤਨਾਂ ਰਾਹੀਂ ਸਭ ਨੂੰ ਰੋਕਿਆ। ਉਸ ਦੇ ਯਤਨ ਹੇਠ ਲਿਖੇ ਸਨ :

(1) ਇਤਿਹਾਸਕਾਰ ਬਰਨੀ ਲਿਖਦਾ ਹੈ ਕਿ ਇਸ ਸਮੇਂ ਦੇਸ ਵਿਚ ਬਦਅਮਨੀ ਫੈਲੀ ਹੋਈ ਸੀ। ਸੁਲਤਾਨ ਦੇ ਪਦ ਨੂੰ ਕਾਫੀ ਹਾਨੀ ਪਹੁੰਚੀ ਹੋਈ ਸੀ। ਬਲਬਨ ਨੇ ਆਪਣਾ ਨਿਜੀ ਜੀਵਨ ਬਦਲ ਲਿਆ – ਸ਼ਰਾਬ ਪੀਣੀ ਤੇ ਰੰਗ ਰਲੀਆਂ ਮਨਾਉਣੀਆਂ ਬੰਦ ਕਰ ਦਿੱਤੀਆਂ। ਫਾਲਤੂ ਸਮਾਂ ਉਹ ਸੂਫੀਆਂ ਤੇ ਸੰਤਾਂ ਦੀ ਸੰਗਤ 'ਚ ਬਿਤਾਉਂਦਾ ਸੀ। ਦਰਬਾਰ ਵਿਚ ਹਾਸਾ ਮਖੌਲ ਬੰਦ ਕਰ ਦਿੱਤਾ। ਉਹ ਆਪਣੇ ਪਹਿਰਾਵੇ ਦਾ ਖਾਸ ਧਿਆਨ ਰੱਖਦਾ ਸੀ।

(2) ਮਾਨ ਵਧਾਉਣ ਲਈ ਦਰਬਾਰ ਦੀ ਸ਼ਾਨ ਉੱਚੀ ਕੀਤੀ ਅਤੇ ਅਨੁਸ਼ਾਸਨ ਸ਼ਕਤੀ ਨਾਲ ਲਾਗੂ ਕੀਤਾ। ਦਰਬਾਰ ਆਉਣ ਵਾਲਿਆਂ ਨੂੰ **ਸਿੱਜਦਾ** ਅਤੇ **ਪਾਬੋਸ** ਕਰਦਾ ਸੀ। ਕੋਈ ਵਿਅਕਤੀ ਸੁਲਤਾਨ ਦੀ ਬਰਾਬਰੀ ਨਹੀਂ ਸੀ ਕਰ ਸਕਦਾ। ਬਲਬਨ ਨੇ ਆਪਣੇ ਆਪ ਨੂੰ **ਜ਼ਿਲੇ ਇਲਾਹੀ** ਮੰਨਦਾ ਸੀ ਭਾਵ ਕਿ ਉਹ ਰੱਬ ਦਾ ਸਾਇਆ (Shadow of God on Earth) ਸੀ।

**(3) ਚਹਿਲ ਜਾਂ ਚਾਲੀ ਸਰਦਾਰਾਂ ਦੀ ਜੁੰਡਲੀ ਦਾ ਖਾਤਮਾ :**

ਕਿਸੇ ਸਮੇਂ ਇਸ ਜੁੰਡਲੀ ਦਾ ਮੈਂਬਰ ਰਹਿਣ ਕਰਕੇ ਬਲਬਨ ਇਸ ਦੀਆਂ ਸ਼ਰਾਰਤਾਂ ਤੋਂ ਵਾਕਿਫ ਸੀ। ਉਸ ਨੇ ਜੁੰਡਲੀ ਨੂੰ ਦਰਬਾਰ ਵਿਚੋਂ ਹਟਾ ਕੇ ਬਹੁਤ ਦੂਰ ਭੇਜ ਦਿੱਤਾ। ਰਈਸਾਂ ਦੀ ਸ਼੍ਰੇਣੀ ਵੀ ਖਤਮ ਕਰ ਦਿੱਤੀ ਗਈ ਤਾਂ ਕਿ ਆਮ ਆਦਮੀ ਪ੍ਰੇਸ਼ਾਨ ਨਾ ਹੋਵੇ। ਬਦਾਯੂੰ ਦੇ ਗਵਰਨਰ ਅਤੇ ਅਵੱਧ ਦੇ ਸੂਬੇਦਾਰ ਨੂੰ ਬਲਬਨ ਨੇ ਆਪ ਕੋੜੇ ਲਗਵਾਉਣ ਦੀ ਸਜ਼ਾ ਦਿੱਤੀ। ਹੋਰ ਬਲਬਨ ਨੇ ਆਪਣੇ ਚਚੇਰੇ ਭਰਾ ਸ਼ੇਰ ਖਾਨ ਨੂੰ ਮਰਵਾ ਦਿੱਤਾ।

**(4) ਜਸੂਸੀ ਪ੍ਰਣਾਲੀ :**

ਦੇਸ ਦੇ ਵੱਖ ਵੱਖ ਭਾਗਾਂ ਤੋਂ ਰਾਜ ਪ੍ਰਬੰਧ ਬਾਰੇ ਸੁਲਤਾਨ ਨੂੰ ਕਰ ਰਹੇ ਰਿਪੋਰਟਰ ਜਸੂਸ ਅਖਵਾਉਂਦੇ ਸਨ। ਜਸੂਸ ਸੈਨਾਪਤੀਆਂ ਜਾਂ ਸੈਨਿਕਾਂ ਤੋਂ ਮੁਕਤ ਸਨ। ਬਲਬਨ ਨੇ ਆਪਣੇ ਪੁੱਤਰਾਂ ਉੱਪਰ ਜਸੂਸ ਛੱਡੇ ਹੋਏ ਸਨ ਤੇ ਉਹ ਹਰ ਕਿਸੇ ਨੂੰ ਲਾਪ੍ਰਵਾਹੀ ਦੀ ਸਖਤ ਸਜ਼ਾ ਦਿੰਦਾ ਸੀ।

**(5) ਸੈਨਿਕ ਪ੍ਰਬੰਧ :**

ਬਲਬਨ ਨੇ ਸੈਨਾ ਫਿਰ ਤੋਂ ਸੰਗਠਤ ਕੀਤੀ ਅਤੇ ਕਿਲ੍ਹੇ ਵੀ ਸੁਧਾਰੇ। ਨਵੇਂ ਕਿਲ੍ਹੇ ਬਣਵਾਏ ਅਤੇ ਸਰਹੱਦੀ ਪ੍ਰਦੇਸ਼ਾਂ ਵਿਚ ਫੌਜ ਦੀ ਗਿਣਤੀ ਵਧਦੀ ਗਈ। ਫੌਜ ਜ਼ਮੀਨਦਾਰ ਤੇ ਜਗੀਰਦਾਰ ਰੱਖ ਸਕਦੇ ਸਨ ਪਰ ਉਨ੍ਹਾਂ ਦਾ ਸੁਲਤਾਨ ਪ੍ਰਤੀ ਵਫਾਦਾਰ ਹੋਣਾ ਲਾਜ਼ਮੀ ਸੀ।

**(6) ਨਿਆਂ ਪ੍ਰਣਾਲੀ :**

ਬਲਬਨ ਮਾਲਕ ਸੀ, ਜ਼ਾਲਮ ਨਹੀਂ। ਡਾ. ਈਸ਼ਵਰ ਪ੍ਰਸਾਦ ਲਿਖਦੇ ਹਨ ਕਿ ਸੁਲਤਾਨ ਨੇ ਕਦੇ ਵੀ ਅਯੋਗ ਸਜ਼ਾ ਨਹੀਂ ਦਿੱਤੀ ਕਿਉਂਕਿ ਬਾਦਸ਼ਾਹੀ ਉਸ ਦੇ ਨਜ਼ਰ ਵਿਚ ਇਕ ਪਵਿੱਤਰ ਜ਼ਿੰਮੇਵਾਰੀ ਸੀ। ਬਾਦਸ਼ਾਹ ਅਮਨ ਪਸੰਦ ਲੋਕਾਂ ਦੀ ਜਾਨ ਤੇ ਮਾਲ ਦੀ ਰਾਖੀ ਕਰਦਾ ਸੀ। ਨਿਆਂ ਨਿਰਪੱਖ ਹੋ ਕੇ ਕਰਦਾ ਸੀ। ਪਰਜਾ ਵਿਰੁੱਧ ਜ਼ੁਲਮ ਕਰਨ ਵਾਲੇ ਵੱਡੇ ਅਫਸਰ ਨੂੰ ਵੀ ਸਜ਼ਾ ਮਿਲਦੀ ਸੀ।

**(7) ਬਗਾਵਤ ਵਿਰੁੱਧ ਯਤਨ :**

1266 ਈ. ਤੋਂ ਪਿੱਛੋਂ ਬਲਬਨ ਨੇ ਹੇਠ ਦਿੱਤੀਆਂ ਬਗਾਵਤਾਂ ਕੁਚਲੀਆਂ :

(ੳ) ਮੀਓਜ (Meos) ਦਾ ਦਮਨ : ਦਿੱਲੀ ਦੇ ਆਸ-ਪਾਸ ਡਾਕੇ ਮਾਰਨ ਵਾਲੇ ਮੀਓ ਸਨ। ਸੁਲਤਾਨ ਦੇ ਹੁਕਮ ਕਾਰਨ ਡਾਕੂ ਜਾਂ ਤਾਂ ਮਾਰ ਦਿੱਤੇ ਗਏ ਜਾਂ ਹਾਥੀਆਂ ਨੇ ਲਿਤਾੜ ਦਿੱਤੇ। 100 ਬਾਗੀਆਂ ਦੀ ਖੱਲ੍ਹਾਂ ਉਤਾਰ ਕੇ ਦਿੱਲੀ ਦੇ ਦਰਵਾਜਿਆਂ ਉਪਰ ਟੰਗ ਦਿੱਤੀਆਂ ਗਈਆਂ।

(ਅ) ਬਦਾਯੂੰ, ਅਮਰੋਹ, ਭੋਜਪੁਰ ਤੇ ਪਿਆਲੀ ਦੇ ਰਾਜਪੂਤ ਦਿੱਲੀ ਤੋਂ ਬੰਗਾਲ ਜਾ ਰਹੀ ਸੜਕਾਂ/ਰਸਤਿਆਂ ਤੇ ਮੁਸਾਫਰਾਂ ਨੂੰ ਪ੍ਰੇਸ਼ਾਨ ਕਰਦੇ ਸਨ। ਬਲਬਨ ਨੇ ਕਾਰਵਾਈ ਕਰਕੇ ਹਜ਼ਾਰਾਂ ਰਾਜਪੂਤਾਂ ਨੂੰ ਕਤਲ ਕਰਵਾ ਦਿੱਤਾ।

(ੲ) ਕਟਿਹਰ ਦੇ ਹਿੰਦੂਆਂ ਵਿਰੁੱਧ ਬਲਬਨ ਨੇ ਆਪ ਹਮਲਾ ਕੀਤਾ ਤੇ ਭਾਰੀ ਕਤਲੇਆਮ ਹੋਇਆ। ਇਲਾਕੇ 'ਚ ਨਵੀਆਂ ਸੜਕਾਂ ਬਣੀਆਂ ਤੇ ਅਮਨ ਕਾਇਮ ਕੀਤਾ ਗਿਆ।

**ਬੰਗਾਲ ਦੀ ਬਗਾਵਤ :**

ਬੰਗਾਲ ਦੇ ਸੂਬੇਦਾਰ ਤੁਗਰਲ ਬੇਗ ਨੇ ਅਜ਼ਾਦ ਹੋਣ ਦਾ ਐਲਾਨ ਕਰ ਦਿੱਤਾ ਅਤੇ ਆਪਣੇ ਨਾਂ ਦਾ ਸਿੱਕਾ ਵੀ ਚਲਾ ਦਿੱਤਾ। ਬਲਬਨ ਨੇ ਅਮੀਰ ਖਾਨ ਤੋਂ ਹਮਲਾ ਕਰਵਾ ਦਿੱਤਾ ਪਰੰਤੂ ਆਪ ਲਾਪ੍ਰਵਾਹ ਸੀ ਸੁਲਤਾਨ ਨੇ ਉਸ ਨੂੰ ਫਾਂਸੀ ਦੀ ਸਜ਼ਾ ਦਿੱਤੀ ਤੇ ਆਪ ਹਮਲੇ ਕਰਨ ਬੰਗਾਲ ਵੱਲ ਚਲ ਪਿਆ। ਬੇਗ ਨੱਸ ਗਿਆ ਪਰੰਤੂ ਫੜ ਕੇ ਕਤਲ ਹੋ ਗਿਆ ਤੇ ਉਸ ਦਾ ਸਿਰ ਬਲਬਨ ਅੱਗੇ ਪੇਸ਼ ਹੋਇਆ। ਬਗਾਵਤ ਦਾ ਬਦਲਾ ਲਖਨੌਤੀ ਵਿਚ ਵੀ ਲਿਆ ਗਿਆ। ਬਲਬਨ ਨੇ ਆਪਣੇ ਪੁੱਤਰ ਬੁਗਰਾ ਖਾਨ ਨੂੰ ਬੰਗਾਲ ਦਾ ਗਵਰਨਰ ਬਣਾ ਦਿੱਤਾ ਤੇ ਚਿਤਾਵਨੀ ਦਿੱਤੀ ਕਿ ਜੇ ਉਸ ਨੇ ਬਗਾਵਤ ਕੀਤਾ ਤਾਂ ਉਸ ਦਾ ਹਾਲ ਵੀ ਬੇਗ ਵਰਗਾ ਹੋਵੇਗਾ।

**ਮੰਗੋਲਾਂ ਦੇ ਹਮਲੇ :**

ਬਲਬਨ ਦੇ ਸਮੇਂ ਮੰਗੋਲ ਖਤਰਾ ਵਧ ਗਿਆ ਸੀ ਕਿਉਂਕਿ ਹਮਲਾਵਰ ਲਾਹੌਰ ਤੱਕ ਪਹੁੰਚ ਚੁੱਕੇ ਸਨ। ਮੰਗੋਲਾਂ ਨੂੰ ਰੋਕਣ ਵਾਸਤੇ ਉਸ ਨੇ ਹੇਠ ਲਿਖੇ ਕਦਮ ਚੁੱਕੇ :

(ੳ) ਜਿਸ ਰਸਤੇ ਰਾਹੀਂ ਹਮਲਾਵਰ ਆਉਂਦੇ ਸਨ ਉਸ ਰਸਤੇ ਉੱਪਰ ਨਵੇਂ ਕਿਲ੍ਹੇ ਤੇ ਚੌਕੀਆਂ ਸਥਾਪਤ ਕੀਤੀਆਂ। ਬਠਿੰਡਾ, ਸਰਸਾ, ਅਬੋਹਰ ਅਤੇ ਭਟਨੀਰ ਦੇ ਕਿਲੇ ਮਸ਼ਹੂਰ ਹੋਏ।

(ਅ) ਪੁਰਾਣੇ ਕਿਲ੍ਹੇ ਸੁਧਾਰ ਕੇ ਨਵੇਂ ਵਿਅਕਤੀਆਂ ਨੂੰ ਨਿਯੁਕਤ ਕੀਤਾ।

(ੲ) ਸਰਹੱਦੀ ਸੂਬੇ ਵਿਚ ਸ਼ੇਰ ਖਾਂ ਜਰਨੈਲ ਕਾਫੀ ਸਮਾਂ ਰਿਹਾ ਤੇ ਫਿਰ ਬਲਬਨ ਨੇ ਆਪਣੇ ਪੁੱਤਰ ਬੁਰਾਰਾ ਖਾਂ ਨੂੰ ਨਿਯੁਕਤ ਕਰ ਦਿੱਤਾ।

(ਸ) ਬਲਬਨ ਨੇ ਆਪ ਦਿੱਲੀ ਸੰਭਾਲ ਲਈ ਅਤੇ ਇਸ ਸ਼ਹਿਰ ਤੋਂ ਬਾਹਰ ਜਾਣਾ ਬੰਦ ਕਰ ਦਿੱਤਾ।

(ਹ) ਸਰਹੱਦੀ ਖੇਤਰ ਵਿਚ ਸਿਪਾਹੀਆਂ ਨੂੰ ਆਧੁਨਿਕ ਹਥਿਆਰ ਦਿੱਤੇ ਗਏ ਤੇ ਚੋਣਵੇਂ ਸੈਨਿਕ ਰੱਖੇ ਗਏ।

1279 ਈ. ਨੂੰ ਮੰਗੋਲਾਂ ਨੇ ਫਿਰ ਹਮਲਾ ਕੀਤਾ ਪਰ ਬਲਬਨ ਦੀ ਫੌਜ ਨੇ ਉਨ੍ਹਾਂ ਨੂੰ ਮੁਲਕ 'ਚੋਂ ਕੱਢ ਦਿੱਤਾ। ਅਗਲੇ ਪੰਜ ਸਾਲਾਂ ਤੱਕ ਮੰਗੋਲ ਹਮਲਾ ਨਹੀਂ ਸੀ ਕਰ ਸਕੇ। 1285 ਈ. ਨੂੰ ਤੈਮੂਰ ਖਾਂ ਮੰਗੋਲ ਨੇ ਮੁਲਤਾਨ ਉੱਪਰ ਹਮਲਾ ਕਰ ਦਿੱਤਾ। ਸ਼ਹਿਜਾਦਾ ਬਹਾਦਰੀ ਨਾਲ ਲੜਿਆ ਪਰੰਤੂ ਜੰਗ ਵਿਚ ਮਾਰਿਆ ਗਿਆ। ਸੁਲਤਾਨ ਨੂੰ ਸਦਮਾ ਲੱਗਿਆ ਤੇ ਬਲਬਨ ਛੇਤੀ ਹੀ ਪਿਛੋਂ ਹਾਰ ਗਿਆ।

**ਬਲਬਨ ਦੀ ਸ਼ਖ਼ਸੀਅਤ ਜਾਂ ਆਚਰਣ :–**

ਬਲਬਨ ਦਾ ਆਚਰਣ ਤੇ ਜੀਵਨ ਹੇਠ ਲਿਖਿਆਂ ਨੁਕਤਿਆਂ ਤੋਂ ਵੇਖਿਆ ਜਾ ਸਕਦਾ ਹੈ :

1) ਬਹਾਦਰੀ ਤੇ ਦੂਰ-ਅੰਦੇਸੀ ਜਾਂ ਦਿਆਲੂਪਣ

2) ਨਮਾਜੀ ਮਨੁੱਖ ਦੇ ਰੂਪ ਵਿਚ

3) ਸਰਪ੍ਰਸਤ ਵਿਦਿਆ ਦਾ : ਪ੍ਰਸਿੱਧ ਕਵੀ ਅਮੀਰ ਖੁਸਰੋ ਉਸ ਦੀ ਸਰਪ੍ਰਸਤੀ ਹੇਠ ਸੀ। ਦੂਸਰਾ ਵੱਡਾ ਕਵੀ ਅਮੀਰ ਹਸਨ ਸੀ।

4) ਸੈਨਿਕ ਜਾਂ ਸੈਨਾਪਤੀ : ਉਹ ਬਹਾਦਰ ਤੇ ਯੋਗ ਸੈਨਾਪਤੀ ਸੀ। ਤੁਰਕੀ ਸਰਦਾਰ, ਦੁਆਬੇ ਦੇ ਲੁਟੇਰੇ, ਰੁਹੇਲ ਖੰਡ ਦੀਆਂ ਬਗਾਵਤਾਂ ਬੰਗਾਲ ਦੀ ਬਗਾਵਤ ਨੂੰ ਉਸ ਨੇ ਕੁਚਲਿਆ।

5) ਸੁਲਤਾਨ ਵਜੋਂ ਬਲਬਨ ਨੇ ਦਰਬਾਰ ਸੁਧਾਰਿਆ ਤੇ ਜਮੀਨਦਾਰ/ਜਗੀਰਦਾਰ ਸੁਧਾਰੇ। ਰਾਜ ਪ੍ਰਬੰਧ ਉੱਪਰ ਕੜੀ ਨਿਗਾਹ ਰੱਖਦਾ ਸੀ।

ਇਤਿਹਾਸਕਾਰ ਬਲਬਨ ਨੂੰ ਗੁਲਾਮ ਸੁਲਤਾਨਾਂ ਵਿਚੋਂ ਸਭ ਤੋਂ ਯੋਗ ਮੰਨਦੇ ਹਨ। ਉਸ ਨੇ ਟੁੱਟ ਰਹੇ ਤੁਰਕ ਸਾਮਰਾਜ ਨੂੰ ਮਜਬੂਤ ਕੀਤਾ। ਉਸ ਨੇ ਬਾਗੀਆਂ ਦਾ ਅੰਦਰੋਂ ਤੇ ਮੰਗੋਲਾਂ ਦਾ ਬਾਹਰ ਮੁਕਾਬਲਾ ਕੀਤਾ। ਇਲਤੁਤਮਿਸ਼ ਦੇ ਮੁਕਾਬਲੇ ਬਲਬਨ ਦਾ ਰੋਹਬ, ਪ੍ਰਬੰਧ ਤੇ ਮਾਨ-ਸਨਮਾਨ ਵੱਧ ਸੀ। ਉਸ ਦਾ ਦਿੱਲੀ ਦਾ ਪ੍ਰਬੰਧ ਬੇਮਿਸਾਲ ਸੀ।

**ਪਾਠ ਦੇ ਤਕਨੀਕੀ ਸ਼ਬਦ :**

1) ਚਲੀਸ ਜਾਂ ਚੇਹਲਾਗਾਨ
2) ਨਾਇਬ-ਇ-ਮਸਲਕਤ
3) ਅਮੀਰੇ-ਹਾਜਿਬ
4) ਜਸੂਸੀ ਪ੍ਰਣਾਲੀ
5) ਸਰਪ੍ਰਸਤੀ

**ਪਾਠ ’ਚ ਆਏ ਛੋਟੇ ਪ੍ਰਸ਼ਨ :**

1) ਅਲਬਰੀ ਕਬੀਲੇ ਨਾਲ ਬਲਬਨ ਦਾ ਸੰਬੰਧ ਦੱਸੋ।
2) ਮੰਤਰੀ ਦੇ ਰੂਪ ’ਚ ਬਲਬਨ ਦੀਆਂ ਪ੍ਰਾਪਤੀਆਂ ਬਿਆਨ ਕਰੋ।
3) ਬਲਬਨ ਦੀ ਮੰਗੋਲ ਨੀਤੀ ਦੀਆਂ ਕੀ ਵਿਸ਼ੇਸ਼ਤਾਵਾਂ ਸਨ ?
4) ਬਲਬਨ ਦਾ ਆਚਰਣ ਦੱਸੋ – ਉਹ ਇਲਤੁਤਮਿਸ਼ ਤੋਂ ਕਿਵੇਂ ਭਿੰਨ ਸੀ ?

**ਵੱਡੇ ਪ੍ਰਸ਼ਨ :**

1) ਬਲਬਨ ਦੇ ਤੁਰਕ ਰਾਜ ਸਥਾਪਤ ਕਰਨ ਲਈ ਚੁੱਕੇ ਕਦਮ ਕੀ ਸਨ ? ਵਿਆਖਿਆ ਕਰੋ।
2) ਬਲਬਨ ਨੇ ਦਿੱਲੀ ਸਲਤਨਤ ਦੀ ਆਜ਼ਾਦੀ ਤੇ ਖੁਤਮੁਖਤਾਰੀ ਕਿਵੇਂ ਸਥਾਪਤ ਕੀਤੀ ?

**ਹੋਰ ਜਾਣਕਾਰੀ ਲਈ ਪੁਸਤਕਾਂ :**

1) **ਭਾਰਤ ਦਾ ਬ੍ਰਿਹਤ ਇਤਿਹਾਸ,** ਪੰਨੇ 14-20
2) ਸੁਰਿੰਦਰ ਸਿੰਘ, **ਮੱਧਕਾਲੀਨ ਭਾਰਤ ਦਾ ਇਤਿਹਾਸ,** ਪੰਨੇ 100-121
3) **The Oxford History of India,** pp. 241-43

**ਪਾਠ ਨੰ. 1.6** **ਲੇਖਕ : ਨਾਜ਼ਰ ਸਿੰਘ**

## ਅਲਾਉਦੀਨ ਖਿਲਜੀ : ਜਿੱਤਾਂ, ਰਾਜ ਪ੍ਰਬੰਧ ਅਤੇ ਸੁਧਾਰ

**ਮੁਢਲਾ ਜੀਵਨ :**

ਅਲਾਉਦੀਨ ਖਿਲਜੀ ਸੁਲਤਾਨ ਜਲਾਲੁਦੀਨ ਦਾ ਭਤੀਜਾ ਤੇ ਜਵਾਈ ਸੀ। ਅਲਾਉਦੀਨ ਬਹੁਤ ਬਹਾਦਰ ਅਤੇ ਉਤਸ਼ਾਹ ਭਰਪੂਰ ਸੀ। ਜਲਾਲਉਦੀਨ ਨੇ ਉਸਨੂੰ ਸੂਬੇਦਾਰ ਨਿਯੁਕਤ ਕੀਤਾ ਸੀ। ਅਲਾਉਦੀਨ ਖਿਲਜੀ ਨੇ 1292 ਈ. ਨੂੰ ਮਾਲਵੇ ਤੇ ਹਮਲਾ ਕਰਕੇ ਭਿਲਸਾ ਨੂੰ ਕਬਜ਼ੇ ਵਿੱਚ ਲੈ ਲਿਆ ਅਤੇ ਬਾਅਦ ਉਸਨੇ ਦੇਵਗਿਰੀ ਨੂੰ ਜਿੱਤ ਲਿਆ।

**ਗੱਦੀ ਨਸ਼ੀਨੀ :**

ਆਪਣੇ ਚਾਚਾ ਜਲਾਲਉਦੀਨ ਨੂੰ ਅਲਾਉਦੀਨ ਮਾਰ ਦਿੱਤਾ ਅਤੇ ਆਪਣੇ ਆਪ ਨੂੰ ਸੁਲਤਾਨ ਘੋਸ਼ਿਤ ਕਰ ਦਿੱਤਾ। ਹੁਣ ਉਹ ਦਿੱਲੀ ਵਲ ਵਧਿਆ। ਜਲਾਲਉਦੀਨ ਦਾ ਬੇਟਾ ਜੋ ਕਿ ਦਿੱਲੀ ਵਿੱਚ ਸੀ ਖਬਰ ਸੁਣਦਿਆਂ ਹੀ ਮੁਲਤਾਨ ਵੱਲ ਭਜ ਗਿਆ। ਅਲਾਉਦੀਨ ਦਿੱਲੀ ਪਹੁੰਚਿਆ ਅਤੇ ਗੱਦੀ ਉਤੇ ਬੈਠ ਗਿਆ। ਇਸ ਸਮੇਂ ਉਸਨੇ ਬਹੁਤ ਸਾਰਾ ਧਨ ਅਫਸਰਾਂ ਅਤੇ ਦਰਬਾਰੀਆਂ ਨੂੰ ਵੰਡਿਆ।

ਜਲਾਲਉਦੀਨ ਦਾ ਵੱਡਾ ਭਰਾ ਇਕ ਯੋਗ ਅਤੇ ਅਨੁਭਵੀ ਕਮਾਂਡਰ ਸੀ ਅਤੇ ਉਹ ਅਲਾਉਦੀਨ ਨੂੰ ਟੱਕਰ ਦੇ ਸਕਦਾ ਸੀ। ਪ੍ਰੰਤੂ ਇਸ ਸਮੇਂ ਉਹ ਮੁਲਤਾਨ ਵਿੱਚ ਸੀ। ਅਲਾਉਦੀਨ ਨੇ ਮੁਲਤਾਨ ਨੂੰ ਘੇਰ ਲਿਆ ਜਿਸ ਕਰਕੇ ਜਲਾਲਉਦੀਨ ਦੇ ਭਰਾ ਅਤੇ ਦੂਸਰੇ ਭਰਾ ਨੂੰ ਉਹਨਾਂ ਅੱਗੇ ਝੁਕਨਾ ਪਿਆ। ਅਲਾਉਦੀਨ ਦੇ ਹੁਕਮ ਅਨੁਸਾਰ ਉਹਨਾਂ ਭਰਾਵਾਂ ਨੂੰ ਅੰਧਾ ਕਰ ਦਿੱਤਾ ਗਿਆ। ਇਹਨਾਂ ਭਰਾਵਾਂ ਨੂੰ ਫਿਰ ਦਿੱਲੀ ਲਿਜਾਕੇ ਕਤਲ ਕਰਵਾ ਦਿੱਤਾ ਗਿਆ ਅਤੇ ਉਹਨਾਂ ਦੀਆਂ ਮਾਵਾਂ ਨੂੰ ਕੈਦ ਕਰ ਲਿਆ ਗਿਆ।

**ਮੰਗੋਲਾਂ ਦੇ ਹਮਲੇ :**

1297 ਈ. ਵਿੱਚ ਕਾਦਰ ਮੰਗੋਲਾਂ ਦਾ ਲੀਡਰ ਅਤੇ ਇਕ ਲੱਖ ਸਿਪਾਹੀਆਂ ਦਾ ਲੀਡਰ ਨੇ ਭਾਰਤ ਤੇ ਹਮਲਾ ਕਰ ਦਿੱਤਾ ਅਤੇ ਪੰਜਾਬ ਵਿੱਚ ਲੁਟਪਾਟ ਕੀਤੀ। ਉਲਗ ਖਾਂ ਅਤੇ ਜ਼ਫਰ ਖਾਂ ਜੋ ਕਿ ਸ਼ਾਹੀ ਫੌਜਾਂ ਦੇ ਮੁਖੀਆ ਨੇ ਮੰਗੋਲਾਂ ਨਾਲ ਜੰਗ ਕੀਤੀ। ਜਲੰਧਰ ਨੇੜੇ ਮੰਗੋਲਾਂ ਨੂੰ ਵੱਡੀ ਹਾਰ ਦਿੱਤੀ ਗਈ। ਲਗਭਰ 20 ਹਜ਼ਾਰ ਮੰਗੋਲਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਅਤੇ ਉਹਨਾਂ ਦੇ ਬਹੁਤ ਸਾਰੇ ਲੀਡਰਾਂ ਨੂੰ ਫੜਕੇ ਮਾਰ ਦਿੱਤਾ ਗਿਆ।

1297 ਈ. ਨੂੰ ਮੰਗੋਲਾਂ ਦੇ ਲੀਡਰ ਸਾਲਦੀ ਨੇ ਮੁਲਤਾਨ ਉੱਤੇ ਹਮਲਾ ਕਰ ਦਿੱਤਾ। ਜ਼ਫਰ ਖਾਂ ਨੇ ਸਖਤ ਮੁਕਾਬਲਾ ਕੀਤਾ। ਸਾਲਦੀ ਅਤੇ ਉਸਦੇ ਦੋ ਹਜ਼ਾਰ ਸਿਪਾਹੀਆਂ ਨੂੰ ਬੰਦੀ ਬਣਾ ਲਿਆ ਗਿਆ। ਜ਼ਫਰ ਖਾਂ ਦੀ ਜਿੱਤ ਨੇ ਅਲਾਉਦੀਨ ਦੀਆਂ ਨਜ਼ਰਾਂ ਵਿੱਚ ਉਸ ਪ੍ਰਤੀ ਸ਼ੱਕ ਪੈਦਾ ਕਰ ਦਿੱਤਾ ਅਤੇ ਹੁਣ ਉਹ ਉਸ ਤੋਂ ਛੁਟਕਾਰਾ ਪਾਉਣ ਲਈ ਵਿਉਂਤ ਬਣਾਉਣ ਲੱਗਾ। ਕੁਤਲੱਗ ਖਵਾਜਾ ਦਾ ਹਮਲਾ 1299 ਈ. ਵਿੱਚ ਮੰਗੋਲਾਂ ਅਧੀਨ ਹੋਇਆ। ਮੰਗੋਲ ਦਿੱਲੀ ਤੱਕ ਆ ਗਏ। ਇਹਨਾਂ ਹਾਲਾਤਾਂ ਕਾਰਨ ਸੁਲਤਾਨ ਨੂੰ ਸਲਾਹਕਾਰਾਂ ਨੇ ਸਲਾਹ ਦਿੱਤੀ ਕਿ ਉਹ ਮੰਗੋਲਾਂ ਨਾਲ ਸਮਝੌਤਾ ਕਰ ਲਵੇ ਪ੍ਰੰਤੂ ਸੁਲਤਾਨ ਇਸ ਲਈ ਨਹੀਂ ਮੰਨਿਆ। ਜ਼ਫਰ ਖਾਂ ਬਹੁਤ ਬਹਾਦਰੀ ਨਾਲ

ਮੰਗੋਲਾਂ ਨਾਲ ਲੜਿਆ ਅਤੇ ਮੰਗੋਲਾਂ ਨੂੰ ਪਿੱਛੇ ਹੱਟਨਾ ਪਿਆ। ਜਫਰ ਖਾਂ ਇਸ ਜੰਗ ਵਿੱਚ ਮਾਰਿਆ ਗਿਆ ਪ੍ਰੰਤੂ ਮੰਗੋਲ ਬਹੁਤ ਜ਼ਿਆਦਾ ਡਰ ਜਾਂਦੇ ਹਨ ਜਫਰ ਖਾਂ ਦੀ ਬਹਾਦਰੀ ਕਾਰਨ ਕਿ ਉਹ ਕੁਝ ਸਾਲਾਂ ਲਈ ਭਾਰਤ ਉੱਤੇ ਹਮਲਾ ਨਹੀਂ ਕਰਦੇ।

1303–1307 ਤੱਕ ਮੰਗੋਲ ਫੇਰ ਤੋਂ ਹਮਲੇ ਕਰਨ ਲੱਗੇ। 1305 ਵਿੱਚ ਮੰਗੋਲਾਂ ਦੇ ਲੀਡਰ ਤਰਗੀ ਅਧੀਨ ਹਾਰ ਖਾ ਕੇ ਵਾਪਸ ਪਰਤ ਜਾਂਦੇ ਹਨ ਅਤੇ ਹੁਣ ਅਲੀ ਬੇਗ ਅਤੇ ਇਕਬਾਲ ਅਧੀਨ ਮੰਗੋਲ ਫਿਰ ਹਮਲੇ ਕਰਦੇ ਹਨ ਜਿਨ੍ਹਾਂ ਨੂੰ ਗਿਆਸੁਦੀਨ ਤੁਗਲਕ ਜੋ ਕਿ ਪ੍ਰਾਂਤ ਦਾ ਗਵਰਨਰ ਸੀ ਨੇ ਹਾਰ ਦਿੱਤੀ।

**ਹਮਲਿਆਂ ਦਾ ਪ੍ਰਭਾਵ :**

ਅਲਾਉਦੀਨ ਖਿਲਜੀ ਨੇ ਭਾਵੇਂ ਮੰਗੋਲਾਂ ਨੂੰ ਜੰਗ ਵਿੱਚ ਬਾਰ–ਬਾਰ ਹਰਾਇਆ ਪ੍ਰੰਤੂ ਇਸ ਵਾਸਤੇ ਸੁਲਤਾਨ ਨੂੰ ਇੱਕ ਪੱਕੀ ਸੈਨਾ ਰੱਖਣੀ ਪਈ ਤਾਂ ਜੋ ਉਹ ਸਲਤਨਤ ਦੀ ਰੱਖਿਆ ਕਰ ਸਕੇ ਜਿਸ ਕਾਰਨ ਉਸਨੂੰ ਬਹੁਤ ਸਾਰੇ ਪੈਸੇ ਦੀ ਲੋੜ ਰਹਿੰਦੀ ਸੀ। ਸੁਰੱਖਿਆ ਦੇ ਪੱਖ ਤੋਂ ਪਹਿਲੇ ਪੱਧਰ ਤੇ ਸਰਹੱਦ ਉੱਤੇ ਨਵੇਂ ਕਿਲ੍ਹੇ ਸੀ। ਬਾਹਰੀ ਚੌਕੀਆਂ ਜਿਨ੍ਹਾਂ ਵਿੱਚ ਦੀਪਾਲਪੁਰ, ਸਮਾਨਾ, ਲਾਹੌਰ ਅਤੇ ਮੁਲਤਾਨ ਜੋ ਕਿ ਮੰਗੋਲਾਂ ਦੇ ਰਸਤੇ ਵਿੱਚ ਸਨ ਨੂੰ ਵੀ ਮਜ਼ਬੂਤ ਕਰਨ ਦੀ ਲੋੜ ਸੀ। ਸੈਨਿਕਾਂ ਨੂੰ ਲਗਾਤਾਰ ਸੀਮਾਵਾਂ ਤੇ ਨਿਯੁਕਤ ਕਰਨਾ ਜ਼ਰੂਰੀ ਸੀ ਅਤੇ ਉਹਨਾਂ ਲਈ ਜ਼ਰੂਰੀ ਸਮਾਨ ਵੀ ਲੈਣਾ ਜ਼ਰੂਰੀ ਸੀ। ਸੁਲਤਾਨ ਮਾਲੀਏ ਦਾ ਵੱਡਾ ਭਾਗ ਉਤਰ ਪੱਛਮੀ ਸਰਹੱਦ ਦੀ ਰੱਖਿਆ ਲਈ ਖਰਚਦਾ ਸੀ। ਇਸ ਕਾਰਨ ਸੁਲਤਾਨ ਦੀ ਮਾਲੀ ਹਾਲਤ ਬਹੁਤ ਪ੍ਰਭਾਵਿਤ ਹੋ ਰਹੀ ਸੀ। ਸੁਲਤਾਨ ਨੂੰ ਆਪਣੀ ਮਾਲੀ ਹਾਲਤ ਵੀ ਮਜ਼ਬੂਤ ਕਰਨੀ ਪੈਣੀ ਸੀ। ਜਿੰਨਾ ਚਿਰ ਤੱਕ ਮੰਗੋਲਾਂ ਦਾ ਖਤਰਾ ਸੀ ਉਤਨੀ ਦੇਰ ਤੱਕ ਸਾਹੀ ਫੌਜਾਂ ਨੂੰ ਸੀਮਾਵਾਂ ਉੱਤੇ ਰੱਖਣਾ ਜ਼ਰੂਰੀ ਸੀ। ਬਾਅਦ ਵਿੱਚ ਅਲਾਉਦੀਨ ਖਿਲਜੀ ਨੇ ਸਾਹੀ ਵਸੀਲੇ ਜਾਂ ਸਾਧਨਾਂ ਨੂੰ ਆਪਣੀ ਦੱਖਣੀ ਨੀਤੀ ਵੱਲ ਮੋੜ ਲਿਆ।

## ਅਲਾਉਦੀਨ ਦੀਆਂ ਜਿੱਤਾਂ

**ਉੱਤਰੀ ਭਾਰਤ ਦੀਆਂ ਜਿੱਤਾਂ :**

ਗੁਜਰਾਤ ਦੀ ਜਿੱਤ (1299 ਈ.) ਗੁਜਰਾਤ ਇਕ ਜਰਖੇਜ ਜਾਂ ਉਪਜਾਉ ਅਤੇ ਵਪਾਰਕ ਜਾਂ ਤਿਜ਼ਾਰਤ ਵਾਲਾ ਖੇਤਰ ਸੀ। ਬਰੋਚ ਅਤੇ ਸਪਾਰਾ ਜਿਹੇ ਨਗਰ ਇਸ ਵਿੱਚ ਸ਼ਾਮਿਲ ਸਨ। ਗੁਜਰਾਤ ਜਿੱਤਣ ਲਈ ਉਲਗ ਖਾਨ ਦੀ ਅਗਵਾਈ ਅਧੀਨ ਸਾਹੀ ਸੈਨਾ ਭੇਜੀ ਗਈ। ਰਾਜਾ ਕਰਣ ਮੁਕਾਬਲਾ ਨਾ ਕਰ ਸਕਿਆ ਅਤੇ ਆਪਣੀ ਬੇਟੀ ਦੇਵਲ ਦੇਵੀ ਨੂੰ ਲੈ ਕੇ ਦੱਖਣ ਭੱਜ ਗਿਆ। ਦਿੱਲੀ ਦੀ ਸੈਨਾ ਨੇ ਗੁਜਰਾਤ ਵਿੱਚ ਲੁਟ ਕੀਤੀ ਅਤੇ ਉਹਨਾਂ ਨੇ ਕਮਲ ਦੇਵ ਨੂੰ ਵੀ ਫੜ ਲਿਆ ਜੋ ਕਿ ਰਾਜਾ ਸੀ ਰਾਨਾ ਕੱਛ ਦਾ। ਸੋਮਨਾਥ ਦੇ ਮੰਦਿਰ ਨੂੰ ਢਾਹ ਢੇਰੀ ਕੀਤਾ ਗਿਆ।

ਕਫੂਰ ਜੋ ਕਿ ਹਿੰਦੂ ਨੌਜਵਾਨ ਆਦਮੀ ਸੀ ਨੂੰ ਵਪਾਰੀਆਂ ਤੋਂ ਲੈ ਲਿਆ ਗਿਆ ਜੋ ਕਿ ਬਾਅਦ ਵਿੱਚ ਬਹੁਤ ਨਿਪੁੰਨ ਸਾਬਿਤ ਸਮਰਾਟ ਲਈ।

**ਰਣਥੰਮਬੋਰ ਦੀ ਜਿੱਤ (1301 ਈ.) :** ਜਲਾਲਉਦਦੀਨ ਨੇ ਇਸ ਇਲਾਕੇ ਨੂੰ ਜਿੱਤਣ ਦੀ ਬਹੁਤ ਕੋਸ਼ਿਸ਼ ਕੀਤੀ ਪ੍ਰੰਤੂ ਉਹ ਅਸਮਰਥ ਰਿਹਾ। ਰਾਣਾ ਹਮੀਰ ਜੋ ਰਣਥੰਮਬੋਰ ਨੇ ਬਹੁਤ ਸਾਰੇ ਮੰਗੋਲਾਂ ਨੂੰ ਸ਼ਰਨ ਦਿੱਤੀ ਸੀ। ਅਲਾਉਦੀਨ ਖਿਲਜੀ ਨੇ 1301 ਈ. ਵਿੱਚ ਉਲਗ ਖਾਲ ਅਤੇ ਨੁਸਰਤ ਖਾਨ ਦੇ ਅਧੀਨ ਇਕ ਸੈਨਿਕ ਦਸਤਾ ਭੇਜਿਆ। ਰਣਥੰਮਬੋਰ ਦੇ ਕਿਲ੍ਹੇ ਨੂੰ ਘੇਰ ਲਿਆ ਗਿਆ। ਰਾਣਾ ਹਮੀਰ ਦੇਵ ਦੁਸ਼ਮਣਾਂ ਵਿਰੁੱਧ ਬਹੁਤ ਦਲੇਰੀ ਨਾਲ ਲੜਿਆ। ਨੁਸਰਤ ਖਾਨ ਮਾਰਿਆ ਗਿਆ। ਰਾਣਾ ਦੇ ਸੈਨਾਪਤੀ ਰਮਲ ਨੇ ਉਸਨੂੰ ਧੋਖਾ ਦਿੱਤਾ ਅਤੇ ਰਣਥੰਮਬੋਰ ਅਲਾਉਦੀਨ ਖਿਲਜੀ ਦੁਆਰਾ ਜਿੱਤ ਲਿਆ ਗਿਆ।

**ਮੇਵਾਰ ਦੀ ਜਿੱਤ :** ਅਲਾਉਦੀਨ ਖਿਲਜੀ ਫੌਜ਼ ਦੇ ਮੁੱਖੀ ਵਜੋਂ ਮੇਵਾਤ ਵੱਲ 1303 ਈ. ਵਿੱਚ ਵਧਿਆ। ਇਸ ਹਮਲੇ ਦਾ ਇਹ ਅੰਦਾਜ਼ਾ ਲਗਾਇਆ ਜਾਂਦਾ ਹੈ ਕਿ ਰਾਣਾ ਰਤਨ ਸਿੰਘ ਦੀ ਸੁੰਦਰ ਪਤਨੀ ਪਦਮਨੀ ਲਈ ਇਹ ਹਮਲਾ ਕੀਤਾ ਗਿਆ ਸੀ। ਭਾਵੇਂ ਜੋ ਵੀ ਇਸ ਹਮਲੇ ਦਾ ਕਾਰਨ ਸੀ ਮੇਵਾਤ ਉੱਤੇ ਚੜਾਈ ਕਰ ਦਿੱਤੀ ਗਈ। ਰਾਜਪੂਤਾਂ ਨੇ ਇਸ ਹਮਲੇ ਦਾ ਦਲੇਰੀ ਨਾਲ ਮੁਕਾਬਲਾ ਕੀਤਾ ਅਤੇ ਰਾਣੀ ਪਦਮਨੀ ਨੇ ਜੋਹਰ ਰਚਾਇਆ। ਸੁਲਤਾਨ ਅਲਾਉਦੀਨ ਨੇ ਆਪਣੇ ਬੇਟੇ ਖਿਜ਼ਰ ਖਾਂ ਨੂੰ ਚਿਤੌੜ ਦਾ ਗਵਰਨਰ ਨਿਯੁਕਤ ਕੀਤਾ। ਪ੍ਰੰਤੂ ਜਲਦੀ ਹੀ ਰਾਣਾ ਨੇ ਚਿਤੌੜ ਤੇ ਦੁਬਾਰਾ ਕਬਜ਼ਾ ਕਰ ਲਿਆ।

**ਮਾਲਵਾ ਅਤੇ ਜਲੌਰ ਦੀ ਜਿੱਤ 1307 ਈ :** ਆਇਨ-ਉਲ-ਮੁਲਕ ਜੋ ਕਿ ਮੁਲਤਾਨ ਦਾ ਗਵਰਨਰ ਸੀ ਨੂੰ 1307 ਈ. ਵਿੱਚ ਮਾਲਵਾ ਨੂੰ ਜਿੱਤਣ ਲਈ ਭੇਜਿਆ ਗਿਆ। ਮਾਲਿਕ ਦੇਵ ਜੋ ਕਿ ਮਾਲਵਾ ਦਾ ਰਾਜਾ ਸੀ ਨੂੰ ਹਰਾ ਕੇ ਮਾਰ ਦਿੱਤਾ ਗਿਆ। ਇਸ ਕਾਰਨ ਮਾਲਵਾ ਦੇ ਕਿਲ੍ਹੇ ਬਿਹਾਰ, ਉਜੈਨ, ਚੰਦੇਰੀ, ਮਾਂਡੂ ਆਦਿ ਸੁਲਤਾਨ ਅਧੀਨ ਆ ਗਏ। ਜਲਦੀ ਹੀ ਜਲੌਰ ਦੇ ਰਾਜੇ ਨੇ ਵੀ ਸੁਲਤਾਨ ਦੀ ਅਧੀਨਤਾ ਕਬੂਲ ਕਰ ਲਈ ਅਤੇ ਇਸ ਤਰ੍ਹਾਂ ਸਾਰੇ ਉੱਤਰੀ ਭਾਰਤ ਤੇ ਦਿੱਲੀ ਸਲਤਨਤ ਦਾ ਹਿੱਸਾ ਬਣ ਗਿਆ।

ਦੱਖਣੀ ਜਿੱਤਾਂ

**ਦੇਵਾਗੀਰੀ ਦੀ ਜਿੱਤ : (1306-07 ਈ.)**

1306 ਈ. ਵਿੱਚ ਸੁਲਤਾਨ ਨੇ ਮਲਿਕ ਕਫੂਰ ਅਧੀਨ ਸੈਨਾ ਰਾਮ ਚੰਦਰ ਦੇ ਵਿਰੁੱਧ ਦੇਵਾਗੀਰੀ ਭੇਜੀ ਕਿਉਂਕਿ ਉਸ ਨੇ ਸਲਾਨਾ ਕਰ ਤਿੰਨ ਸਾਲਾਂ ਤੋਂ ਨਹੀਂ ਭਰਿਆ। ਕਫੂਰ ਦੇ ਦੱਖਣ ਵੱਲ ਜਾਣ ਸਮੇਂ ਉਸਨੂੰ ਕਿਹਾ ਗਿਆ ਕਿ ਉਹ ਦੇਵਲ ਦੇਵੀ ਜੋ ਕਮਲ ਦੇਵ ਦੀ ਬੇਟੀ ਸੀ ਨੂੰ ਦਿੱਲੀ ਲਿਆਉਂਦਾ ਜਾਵੇ। ਉਸਦੇ ਪਿਤਾ ਸਮੇਤ ਉਸਨੇ ਦੇਵਗੀਰੀ ਵਿੱਚ ਪਨਾਹ ਲਈ ਹੋਈ ਸੀ। ਦੇਵਲ ਦੇਵੀ ਦੀ ਮਾਂ ਨੂੰ ਸੁਲਤਾਨ ਨੇ ਹਰਮ ਵਿੱਚ ਰੱਖਿਆ ਹੋਇਆ ਸੀ। ਦੇਵਾਗੀਰੀ ਉੱਤੇ ਹਮਲੇ ਸਮੇਂ ਦੇਵਲ ਦੇਵੀ ਨੇ ਕਫੂਰ ਦੀ ਸੈਨਿਕਾਂ ਦੁਆਰਾ ਉਸਨੂੰ ਲਭ ਲਿਆ ਗਿਆ ਅਤੇ ਸੁਲਤਾਨ ਨੇ ਉਸਦਾ ਵਿਆਹ ਆਪਣੇ ਵੱਡੇ ਬੇਟੇ ਖਿਜਰ ਖਾਂ ਨਾਲ ਕਰ ਦਿੱਤਾ। ਰਾਜਾ ਰਾਮ ਚੰਦਰ ਦੇਵਾਗੀਰੀ ਨੇ ਸੁਲਤਾਨ ਅੱਗੇ ਆਤਮ ਸਮਰਪਨ ਕਰ ਦਿੱਤਾ ਅਤੇ ਉਸਨੂੰ ਸਲਤਨਤ ਨੇ ਰਾਇ ਦਾ ਖਿਤਾਬ ਦੇ ਕੇ ਨਿਵਾਰਨੀ ਨਾਮੀ ਜਿਲ੍ਹਾ ਜਾਗੀਰ ਵਿੱਚ ਦੇ ਦਿੱਤਾ।

**ਵਾਰੰਗਲ ਉੱਤੇ ਹਮਲਾ (1309 ਈ.)** ਮਲਿਕ ਕਫੂਰ ਅਧੀਨ ਇਕ ਸ਼ਾਹੀ ਸੈਨਿਕ ਟੁਕੜੀ ਦਖਣ ਵੱਲ ਭੇਜੀ ਗਈ। ਤੇਲੰਗਾਨਾ ਦਾ ਪ੍ਰਤਾਪ ਰੁਦਰ ਸ਼ਾਸਕ ਸੀ ਉਸਨੇ ਬਹੁਤ ਦੇਰ ਤੱਕ ਦੁਸ਼ਮਣਾਂ ਨਾਲ ਲੜਾਈ ਕੀਤੀ। ਅੰਤ ਵਿੱਚ ਮਲਿਕ ਕਫੂਰ ਨੇ ਕਿਲ੍ਹੇ ਤੇ ਫਤਹਿ ਪ੍ਰਾਪਤ ਕਰ ਲਈ। ਰੂਦਰ ਦੇਵਾ ਨੇ ਸੁਲਤਾਨ ਦੀ ਅਧੀਨਤਾ ਸਵੀਕਾਰ ਕਰ ਲਈ। ਉਸਨੇ 300 ਹਾਥੀ, 700 ਘੋੜੇ ਅਤੇ ਕੀਮਤੀ ਹੀਰੇ ਜਵਾਰ ਪੇਸ਼ ਵਿੱਚ ਸੁਲਤਾਨ ਨੂੰ ਦਿੱਤੇ। ਇਹ ਕਿਹਾ ਜਾਂਦਾ ਹੈ ਕਿ ਕੋਹਿਨੂਰ ਦਾ ਹੀਰਾ ਮਲਿਕ ਕਫੂਰ ਵੱਲੋਂ ਹਮਲੇ ਦੌਰਾਨ ਮੰਗਿਆ ਗਿਆ।

**ਦਵਾਰ ਸਮੁੰਦਰ ਦੀ ਜਿੱਤ (1310 ਈ.)**

ਮਲਿਕ ਕਫੂਰ ਅਧੀਨ ਇਕ ਵੱਡੀ ਸੈਨਾ ਦਵਾਰ ਸਮੁੰਦਰ ਨੂੰ ਜਿੱਤਣ ਲਈ ਭੇਜੀ ਗਈ। ਦੇਵਾਗੀਰੀ ਦੇ ਰਾਮ ਚੰਦਰ ਨੇ ਮਲਿਕ ਕਫੂਰ ਦੀ ਸਹਾਇਤਾ ਇਸ ਯੁੱਧ ਵਿੱਚ ਕੀਤੀ। ਇਸ ਸਮੇਂ ਵੀਰ ਵਲਭ ਜੋ ਇਸ ਰਾਜ ਦਾ ਸ਼ਾਸਕ ਸੀ ਆਪਣੀ ਰਾਜਧਾਨੀ ਵਿੱਚ ਨਹੀਂ ਸੀ। ਵੀਰ ਵਲਭ ਨੂੰ ਸਮਰਪਣ ਕਰਨਾ ਪਿਆ ਅਤੇ ਸਾਰੀ ਦੌਲਤ ਮਲਿਕ ਕਫੂਰ ਨੂੰ ਦੇਣੀ ਪਈ।

**ਮਦੂਰਾ ਦੀ ਜਿੱਤ (1310 ਈ.) :** ਰਾਜਾ ਰਾਮ ਚੰਦਰ ਜੋ ਦੇਵਾਗੀਰੀ ਦਾ ਸ਼ਾਸਕ ਸੀ ਦੀ 1313 ਈ. ਵਿੱਚ ਮੌਤ ਹੋ ਗਈ। ਉਸਦਾ ਪੁੱਤਰ ਸ਼ੰਕਰ ਦੇਵਾ ਗੱਦੀ ਉੱਤੇ ਬੈਠਾ। ਉਸਨੂੰ ਦਿੱਲੀ ਸਲਤਨਤ ਦੇ ਅਧੀਨ ਨਹੀਂ ਰਹਿਣਾ ਚਾਹੁੰਦਾ ਸੀ। ਜਿਸਦੇ ਫਲਸਰੂਪ ਉਸਨੇ ਆਪਣੇ ਆਪ ਨੂੰ ਸੁਤੰਤਰ ਘੋਸ਼ਿਤ ਕਰ ਦਿੱਤਾ ਅਤੇ ਦਿੱਲੀ ਨੂੰ ਸਲਾਨਾ ਕਰ ਦੇਣਾ ਬੰਦ ਕਰ ਦਿੱਤਾ। ਮਲਿਕ ਕਫੂਰ ਨੇ ਦੇਵਾਗੀਰੀ ਉੱਤੇ ਹਮਲਾ ਕਰ ਦਿੱਤਾ। ਹਮਲੇ ਦੌਰਾਨ ਸ਼ੰਕਰ ਦੇਵਾ ਨੂੰ ਮਾਰ ਦਿੱਤਾ ਗਿਆ ਅਤੇ ਦੇਵਾਗੀਰੀ ਨੂੰ ਜਿੱਤ ਲਿਆ ਗਿਆ।

**ਸੁਲਤਾਨ ਦੀ ਦੱਖਣੀ ਨੀਤੀ :** ਲੇਖਕ ਅਮੀਰ ਖੁਸਰੋ ਅਨੁਸਾਰ ਅਲਾਉਦੀਨ ਨੇ ਦੱਖਣ ਧਰਮ ਤੋਂ ਉਤਸਾਹਿਤ ਹੋ ਕੇ ਆਪਣੀ ਦੱਖਣੀ ਨੀਤੀ ਅਧੀਨ ਦੱਖਣ ਉੱਤੇ ਹਮਲਾ ਕੀਤਾ। ਕੁਝ ਇਤਿਹਾਸਕਾਰ ਇਸ ਗੱਲ ਨੂੰ ਨਹੀਂ ਮੰਨਦੇ। ਉਹਨਾਂ ਅਨੁਸਾਰ ਮੰਦਰਾਂ ਨੂੰ ਢਾਹੁਣ ਪਿੱਛੇ ਉਸਦੀ ਨੀਤੀ ਇਸਲਾਮ ਧਰਮ ਨੂੰ ਫੈਲਾਉਣਾ ਨਹੀਂ ਸੀ ਬਲਕਿ ਧਨ ਨੂੰ ਲੁਟਣਾ ਸੀ। ਉਸ ਸਮੇਂ ਮੰਦਰਾਂ ਵਿੱਚ ਬਹੁਤ ਸਾਰਾ ਧਨ ਹੁੰਦਾ ਸੀ। ਸੁਲਤਾਨ ਬਣਨ ਤੋਂ ਪਹਿਲਾਂ ਦੇਵਗੀਰੀ ਉੱਤੇ ਹਮਲਾ ਵੀ ਇਸੇ ਮੰਤਵ ਲਈ ਕੀਤਾ ਗਿਆ ਸੀ। ਡਾ. ਕੇ.ਐਸ.ਲਾਲ ਲਿਖਦੇ ਹਨ ਕਿ ਅਸਲ ਗੱਲ ਇਹ ਹੈ ਕਿ ਮਲਿਕ ਕਫੂਰ ਦੇ ਦੱਖਣੀ ਹਮਲੇ ਅਤੇ ਮਹਿਮੂਦ ਗਜ਼ਨਵੀ ਦੇ ਉੱਤਰੀ ਭਾਰਤੀ ਹਮਲੇ ਇਸੇ ਧਨ ਦੇ ਲਾਲਚ ਕਾਰਨ ਸੀ। ਇਸ ਤਰ੍ਹਾਂ ਇਹ ਜਿੱਤੇ ਹੋਏ ਇਲਾਕਿਆਂ ਤੋਂ ਧਨ ਲੁੱਟਣਾ ਸੀ ਇਹਨਾਂ ਹਮਲਿਆਂ ਦਾ ਆਰਥਿਕ ਮਨੋਰਥ ਸੀ।

## ਅਲਾਉਦੀਨ ਖਿਲਜੀ ਦੇ ਪ੍ਰਬੰਧਕ ਸੁਧਾਰ

ਅਲਾਉਦੀਨ ਨਾ ਕੇਵਲ ਇਕ ਬਹਾਦਰ ਜਰਨੈਲ ਸੀ ਬਲਕਿ ਉਹ ਇਕ ਸਾਮਰਾਜ ਦਾ ਨਿਰਮਾਤਾ ਅਤੇ ਇਕ ਸੁਚੱਜਾ ਪ੍ਰਬੰਧਕ ਸੀ। ਉਸਨੇ ਰਾਜ ਵਿੱਚ ਬਹੁਤ ਵੱਡੇ ਸੈਨਿਕ ਅਤੇ ਪ੍ਰਸ਼ਾਸਨਿਕ ਸੁਧਾਰ ਫਿਰ ਵੀ ਇਹ ਸੁਧਾਰ ਲੋਕਾਂ ਦੇ ਭਲੇ ਲਈ ਨਹੀਂ ਸੀ ਪ੍ਰੰਤੂ ਇਸਦਾ ਅਸਲ ਕਾਰਨ ਅਤੇ ਸੈਨਿਕ ਸੁਰੱਖਿਆ ਸੀ ਜੋ ਉਸ ਸਮੇਂ ਦੀ ਮੁੱਖ ਲੋੜ ਸੀ।

ਅਲਾਉਦੀਨ ਨੇ ਇਕ ਵਿਸ਼ਾਲ ਸਾਮਰਾਜ ਖੜਾ ਕੀਤਾ ਸੀ ਅਤੇ ਪੂਰਨ ਰਾਜਤੰਤਰ ਦੀ ਲੋੜ ਅਨੁਭਵ ਕੀਤੀ ਜਿਸ ਵਿਚ ਸੁਲਤਾਨ ਸਮੁੱਚੇ ਸਾਮਰਾਜ ਦਾ ਮੁੱਖੀ ਸੀ ਅਤੇ ਸਾਰੀਆਂ ਸ਼ਕਤੀਆਂ ਉਸ ਅਧੀਨ ਸੀ।

**ਤਾਨਾਸ਼ਾਹੀ ਰਾਜ :–** ਸ਼ਰੀਅਤ (ਇਸਲਾਮੀ ਕਾਨੂੰਨ) ਅਨੁਸਾਰ ਇਕ ਚੰਗਾ ਮੁਸਲਿਮ ਸ਼ਾਸਕ ਆਪਣੇ ਰਾਜ ਵਿੱਚ ਨਿਆਂ ਕਰਦਾ ਅਤੇ ਆਪਣੀ ਸੀਮਾਵਾਂ ਨੂੰ ਸੁਰੱਖਿਅਤ ਕਰਦਾ ਅਤੇ ਮੁਸਲਿਮ ਸਿਧਾਤਾਂ ਅਨੁਸਾਰ ਰਾਜ ਕਰਦਾ ਸੀ। ਖਲੀਫੇ ਨੂੰ ਸਤਕਾਰ ਦਿੰਦਾ ਅਤੇ ਇਸਲਾਮ ਨੂੰ ਫੈਲਾਉਣ ਦੀ ਕੋਸ਼ਿਸ਼ ਕਰਦਾ ਸੀ। ਅਲਾਉਦੀਨ ਸਿਧਾਂਤਕ ਤੌਰ ਤੇ ਇਕ ਆਦਰਸ਼ਕ ਮੁਸਲਿਮ ਸ਼ਾਸਕ ਸੀ ਪ੍ਰੰਤੂ ਵਿਹਾਰਕ ਤੌਰ ਤੇ ਉਸਨੇ ਕਦੇ ਵੀ ਧਰਮ ਨੂੰ ਰਾਜਨੀਤੀ ਵਿੱਚ ਨਹੀਂ ਲਿਆਂਦਾ।

**ਉਲੇਮਾ :** 13ਵੀਂ ਸਦੀ ਦੇ ਪ੍ਰਚਲਤ ਰਾਜਨੀਤਿਕ ਹਾਲਤਾਂ ਅਨੁਸਾਰ ਦੋ ਪ੍ਰਮੁੱਖ ਸ਼੍ਰੇਣੀਆਂ ਨੇ ਮਹੱਤਵਪੂਰਨ ਸ਼ਕਤੀ ਪ੍ਰਾਪਤ ਕਰਨ ਦੀ ਜੱਦੋ–ਜਹਿਦ ਸੁਲਤਾਨ ਨਾਲ ਪੂਰਾ ਹਿੱਸਾ ਪਾਇਆ ਉਹਨਾਂ ਵਿੱਚ ਇਕ ਸੀ ਉਲਮਾ ਅਤੇ ਦੂਜੀ ਸੀ ਕੁਲੀਨ ਵਰਗ ਜਾਂ ਅਮੀਰ ਵਰਗ (ਸ਼੍ਰੇਣੀ ਦੇ ਲੋਕ)

ਅਲਾਉਦੀਨ ਖਿਲਜੀ ਪਹਿਲਾਂ ਸੁਲਤਾਨ ਸੀ ਜਿਸਨੇ ਧਰਮ ਨਿਰਪੱਖਾਂ ਉੱਤੇ ਵਧੇਰੇ ਜ਼ੋਰ ਦਿੱਤਾ ਉਲੇਮਾ ਨਾਲੋਂ। ਉਸ ਅਨੁਸਾਰ ਕਾਨੂੰਨ ਸ਼ਾਸਕ ਦੀ ਇੱਛਾ ਅਨੁਸਾਰ ਹੋਣਾ ਚਾਹੀਦਾ ਹੈ ਨਾ ਕਿ ਪੈਗੰਬਰ ਅਨੁਸਾਰ। ਅਲਾਉਦੀਨ ਖਿਲਜੀ ਨੇ ਬਹੁਤ ਹੀ ਬੇਝਿਜਕ ਹੋ ਕੇ ਉਚ ਕਾਜ਼ੀ ਦੇ ਮਸ਼ਵਰੇ ਨੂੰ ਚੁਪ ਕਰਾ ਦਿੱਤਾ ਬਾਗੀ ਨੂੰ ਸਖ਼ਤ ਸਜ਼ਾ ਦੇਣ ਦੇ ਮਾਮਲੇ ਵਿੱਚ ਉਸਨੇ ਕਿਹਾ ਕਿ ਮੈਨੂੰ ਇਹ ਠੀਕ ਲੱਗਾ ਕਿਉਂਕਿ ਮੈਂ ਰਾਜ ਦੇ ਭਲੇ ਲਈ ਅਤੇ ਜਨਤਾ ਦੇ ਭਲੇ ਲਈ ਇਸ ਸਖ਼ਤ ਸਜ਼ਾ ਦਿੱਤੀ ਹੈ। ਬਾਰਨੀ ਲੇਖਕ ਦਾ ਮੰਨਣਾ ਹੈ ਕਿ ਸੁਲਤਾਨ ਕਹਿੰਦਾ

ਸੀ ਮੈਨੂੰ ਜੋ ਕੁਝ ਵੀ ਰਾਜ ਅਤੇ ਪ੍ਰਜਾ ਲਈ ਠੀਕ ਲਗੇਗਾ ਮੈਂ ਉਹ ਹੀ ਕਰਾਂਗਾ ਮੈਨੂੰ ਕੁਝ ਨਹੀਂ ਲੈਣਾ ਕਿ ਉਹ ਕਾਨੂੰਨ ਹੈ ਜਾਂ ਗੈਰਕਾਨੂੰਨ ਅਤੇ ਉਹ ਆਪਣਾ ਰਾਜ ਰਾਜਨੀਤਿਕ ਲੋੜਾਂ ਉੱਤੇ ਆਧਾਰਿਤ ਰੱਖਿਆ ਸੀ ਨਾ ਕਿ ਉਲੇਮਾ ਦੀ ਰਾਇ ਅਨੁਸਾਰ।

ਸੁਲਤਾਨ ਅਲਾਉਦੀਨ ਨੇ ਉਹਨਾਂ ਦੀਆਂ ਸ਼ਕਤੀਆਂ ਘਟਾਉਣ ਲਈ ਸਮਾਜਿਕ ਅਤੇ ਆਰਥਿਕ ਪੱਖ ਤੋਂ ਉਹਨਾਂ ਨੂੰ ਕਮਜ਼ੋਰ ਕਰਨ ਦੇ ਉਪਰਾਲੇ ਕੀਤੇ ਜਿਸ ਵਿੱਚ ਕਿ ਕੁਲੀਨ ਵਰਗ ਵੀ ਸ਼ਾਮਿਲ ਸੀ।

### ਅਮੀਰ ਸ਼੍ਰੇਣੀ (ਕੁਲੀਨ ਵਰਗ) ਦੇ ਵਿਰੁੱਧ ਉਪਾਅ

**ਜਾਗੀਰਾਂ ਦੀ ਜਬਤੀ :** ਸਰਕਾਰ ਤੋਂ ਜਾਗੀਰਾਂ ਪ੍ਰਾਪਤ ਕਰਨ ਤੋਂ ਬਾਅਦ ਕੁਝ ਜਾਗੀਰਦਾਰ ਸਰਕਾਰ ਵਿਰੋਧੀ ਜਾਂ disloyal ਬਣ ਜਾਂਦੇ। ਸੁਲਤਾਨ ਨੇ ਅਜਿਹੇ ਜਾਗੀਰਦਾਰ ਤੋਂ ਜਾਗੀਰਾਂ ਵਾਪਿਸ ਲੈ ਲਈਆਂ। ਸੁਲਤਾਨ ਦੇ ਵਿਰੁੱਧ ਜਾਣ ਦੀ ਬਜਾਇ ਇਹਨਾਂ ਲੋਕਾਂ ਨੂੰ ਰੋਟੀ ਦੀ ਸਮੱਸਿਆ ਪੈਦਾ ਹੋ ਜਾਂਦੀ ਸੀ ਅਤੇ ਇਹ ਰਾਜ ਵਿਰੋਧੀ ਕੰਮ ਦੇ ਯੋਗ ਨਹੀਂ ਰਹਿੰਦੇ ਸਨ।

**ਸ਼ਰਾਬ ਪੀਣ ਤੋਂ ਰੋਕ :** ਸੁਲਤਾਨ ਨੇ ਸ਼ਰਾਬ ਪੀਣ ਤੇ ਪਾਬੰਦੀ ਲਗਾ ਦਿੱਤੀ। ਸ਼ਰਾਬ ਵੇਚਣ ਵਾਲੀਆਂ ਸਾਰੀਆਂ ਦੁਕਾਨਾਂ ਬੰਦ ਕਰਵਾ ਦਿੱਤੀਆਂ ਗਈਆਂ। ਅਲਾਉਦੀਨ ਨੇ ਸਾਰੀਆਂ ਸ਼ਰਾਬ ਦੀਆਂ ਬੋਤਲਾਂ ਤੋੜ ਦਿੱਤੀਆਂ ਜੋ ਮੱਹਲ ਵਿੱਚ ਪਈਆਂ ਸਨ। ਜੋ ਵੀ ਕੋਈ ਚੋਰੀ ਸ਼ਰਾਬ ਤਿਆਰ ਕਰਦਾ ਸੀ।

**ਕੁਲੀਨ ਜਾਂ ਅਮੀਰ ਵਰਗ ਦੇ ਮਿਲਵਰਤਨ ਉੱਤੇ ਰੋਕ :** ਸੁਲਤਾਨ ਨੇ ਕੁਲੀਨ ਵਰਗ ਦੇ ਲੋਕਾਂ ਦੀਆਂ ਸਮਾਜਿਕ ਮੀਟਿੰਗਜ਼ ਉੱਤੇ ਪਾਬੰਦੀ ਲਗਾ ਦਿੱਤੀ ਤਾਂ ਜੋ ਉਹਨਾਂ ਨੂੰ ਸਮਾਜ ਵਿੱਚ ਮਿਲਣ ਅਤੇ ਪਾਰਟੀ ਕਰਨ ਤੋਂ ਰੋਕਿਆ ਜਾ ਸਕੇ। ਇਹ ਬੰਦਸ਼ਾਂ ਇਸ ਕਰਕੇ ਲਗਾਈਆਂ ਗਈਆਂ ਸਨ ਤਾਂ ਜੋ ਉਹ ਸੁਲਤਾਨ ਵਿਰੁੱਧ ਬਗਾਵਤ ਨਾ ਕਰ ਦੇਣ। ਉਹਨਾਂ ਨੇ ਇਹ ਵੀ ਪਾਬੰਦੀ ਲਗਾਈ ਗਈ ਕਿ ਉਹ ਆਪਸ ਵਿੱਚ ਜੇਕਰ ਕੋਈ ਰਿਸ਼ਤਾ ਜਾਂ ਵਿਆਹ ਕਰਨ ਤੋਂ ਪਹਿਲਾਂ ਸੁਲਤਾਨ ਤੋਂ ਇਸਦੀ ਇਜ਼ਾਜਤ ਲੈਣ। ਡਾ. ਇਸ਼ਵਰੀ ਪ੍ਰਸ਼ਾਦ ਅਨੁਸਾਰ ਅਮੀਰਾਂ ਦੀ ਸਮਾਜਿਕ ਜੀਵਨ ਇਹਨਾਂ ਪਾਬੰਦੀਆਂ ਕਾਰਨ ਉਹਨਾਂ ਦਾ ਜੀਵਨ ਬੇਰੰਗ ਅਤੇ ਭਾਰੂ ਹੋ ਗਿਆ।

**ਜਾਸੂਸੀ ਪ੍ਰਣਾਲੀ ਦਾ ਸੰਗਠਨ :** ਸੁਲਤਾਨ ਨੇ ਬਾਗੀਆਂ ਅਤੇ ਨਾਲ ਨਜਿਠਣ ਲਈ ਜਾਸੂਸੀ ਪ੍ਰਣਾਲੀ ਅਰੰਭ ਕੀਤਾ। ਰਾਜ ਵਿੱਚ ਸਾਰੇ ਪਾਸੇ ਸਰਕਾਰੀ ਜਾਸੂਸਾਂ ਨੂੰ ਲਗਾ ਦਿੱਤਾ ਗਿਆ। ਉਹ ਸੁਲਤਾਨ ਨੂੰ ਸਾਰੀ ਖਬਰਾਂ ਸਲਤਨਤ ਬਾਰੇ ਦੇਣ ਲੱਗੇ। ਜਾਸੂਸਾਂ ਨੇ ਸਰਕਾਰੀ ਮੁਲਾਜਮਾਂ ਨੂੰ ਵੀ ਨਹੀਂ ਛੱਡਿਆ। ਇਹਨਾਂ ਦਬਦਬੇ ਕਾਰਨ ਕੁਲੀਨ ਵਰਗ ਆਪਣੇ ਘਰਾਂ ਵਿੱਚ ਵੀ ਬਹੁਤ ਹੌਲੀ ਬੋਲਣ ਲੱਗੇ ਤਾਂ ਜੋ ਉਹਨਾਂ ਦੀ ਵੀ ਜਾਸੂਸੀ ਨਾ ਹੋ ਰਹੀ ਹੋਵੇ।

**ਹਿੰਦੂਆਂ ਲਈ ਕਠੋਰ ਨੀਤੀ :** ਹਿੰਦ ਜੰਮੀਦਾਰ, ਚੌਧਰੀ ਅਤੇ ਮੁਕੱਦਮਾ ਉਹਨਾਂ ਸਾਰੀਆਂ ਰਿਆਤਾਂ ਤੋਂ ਵੰਚਿਤ ਰਹਿ ਗਏ ਜੋ ਕਿ ਉਹ ਪਹਿਲਾਂ ਲੈਂਦੇ ਸਨ। ਜ਼ਮੀਨੀ ਕਰ ਵਧਾ ਦਿੱਤਾ ਗਿਆ। ਸਰਕਾਰ ਨੇ ਆਪਣਾ ਹਿੱਸਾ 50% ਤੱਕ ਕਰ ਦਿੱਤਾ। ਇਹ ਸਮਾਂ ਹਿੰਦੂ ਜਮੀਂਦਾਰਾਂ ਲਈ ਸਖ਼ਤੀ ਭਰਿਆ ਸੀ। ਜ਼ਜੀਆ ਅਤੇ ਹੋਰ ਕਰਾਂ ਦੀ ਦਰ ਵਧਾ ਦਿੱਤੀ ਗਈ ਅਤੇ ਸਖ਼ਤੀ ਨਾਲ ਇਹ ਕਰ ਉਹਨਾਂ ਤੋਂ ਉਗਰਾਹਿਆ ਜਾਂਦਾ। ਹਿੰਦੂ, ਚੌਧਰੀ ਅਤੇ ਮੁਕੱਦਮੇ ਲਈ ਹੁਣ ਘੋੜ ਸਵਾਰੀ, ਹਥਿਆਰ ਪਹਿਣਨਾ, ਚੰਗੇ ਕੱਪੜੇ ਪਾਉਣਾ ਅਤੇ ਪਾਨ ਚਬਾਉਣ ਉੱਤੇ ਮਨਾਹੀ ਕਰ ਦਿੱਤੀ।

**ਸੈਨਿਕ ਸੁਧਾਰ :** ਫਰਿਸ਼ਤਾ ਇਤਿਹਾਸਕਾਰ ਅਨੁਸਾਰ ਅਲਾਉਦੀਨ ਖਿਲਜੀ ਪਹਿਲਾ ਸੁਲਤਾਨ ਸੀ ਜਿਸਨੇ ਸਥਾਈ ਸੈਨਾ ਰੱਖਣਾ ਸ਼ੁਰੂ ਕੀਤਾ। ਉਸਦੀ ਸਥਾਈ ਸੈਨਾ ਵਿੱਚ 4,75,130 ਘੋੜ ਸਵਾਰ ਸਨ ਜੋ ਚੰਗੀ ਤਰ੍ਹਾਂ ਜ਼ਰਾਬਖਤਰ ਸਨ। ਹਾਥੀ ਸੈਨਾ ਅਤੇ ਪੈਦਲ ਸੈਨਾ ਬਾਰੇ ਕੋਈ ਵੀ ਅੰਦਾਜ਼ਾ ਨਹੀਂ ਲਗ ਸਕਿਆ। ਰਾਜਧਾਨੀ ਵਿੱਚ ਸਥਾਈ ਸੈਨਿਕ ਹਮੇਸ਼ਾ ਹੀ ਸੇਵਾ ਲਈ ਤਿਆਰ ਰਹਿੰਦੀ ਸੀ। ਹਰ

ਘੋੜ ਸਵਾਰ 234 ਟੰਕ ਆਪਣੀ ਤਨਖਾਹ ਦੇ ਤੌਰ ਤੇ ਲੈਂਦਾ ਸੀ। ਉਸਨੂੰ ਘੋੜਾ ਸਰਕਾਰ ਵੱਲੋਂ ਦਿੱਤਾ ਹੁੰਦਾ ਸੀ। ਸੈਨਿਕ ਸੁਧਾਰ ਲਿਆਉਣ ਲਈ ਉਸਨੇ ਦਾਕਾ ਅਤੇ ਹੁਲੀਆ ਦੀ ਪ੍ਰਥਾ ਅਤੇ ਹੁਲੀਆ ਮਤਲਬ ਸੈਨਿਕ ਦਾ ਸਾਰਾ ਹੁਲੀਆ ਲਿਖਿਆ ਜਾਂਦਾ ਜਿਸ ਵਿੱਚ ਸੈਨਿਕ ਦੇ ਚਹਿਕੇ ਸੰਬੰਧੀ ਬਯੋਰਾ ਰੱਖਿਆ ਜਾਂਦਾ। ਇਹ ਪ੍ਰਣਾਲੀ ਸ਼ੁਰੂ ਕਰਨ ਦਾ ਕਾਰਨ ਸੈਨਾ ਵਿੱਚੋਂ ਭ੍ਰਿਸ਼ਟਾਚਾਰ ਨੂੰ ਖਤਮ ਕਰਨਾ ਸੀ ਅਤੇ ਇਕ ਸੁਚੱਜੀ ਸੈਨਾ ਤਿਆਰ ਕਰਨਾ ਸੀ। ਸਾਰੀ ਭਰਤੀ ਰੱਖਿਆ ਮੰਤਰੀ ਦੁਆਰਾ ਹੁੰਦੀ ਸੀ। ਸੈਨਿਕ ਅਫਸਰ ਕਈ ਵਾਰ ਜਾਗੀਰਦਾਰਾਂ ਦੀ ਸੈਨਾ ਦਾ ਵੀ ਨਿਰੀਖਣ ਕਰਦੇ ਸਨ।

**ਆਮਦਨ ਵਿਭਾਗ ਵਿੱਚ ਸੁਧਾਰ :** ਸੁਲਤਾਨ ਅਲਾਉਦੀਨ ਨੇ ਭੂਮੀ ਕਰ ਵਿਭਾਗ ਵਿੱਚ ਵਿਸ਼ੇਸ਼ ਦਿਲਚਸਪੀ ਲਈ ਅਤੇ ਕੁਝ ਨਵੀਆਂ ਤਰਮੀਮਾਂ ਕੀਤੀਆਂ। ਇਹਨਾਂ ਸਾਰੇ ਨਤੀਜਿਆਂ ਕਰਕੇ ਸਰਕਾਰ ਸ਼ਕਤੀਸ਼ਾਲੀ ਬਣੀ। ਸੁਲਤਾਨ ਨੇ ਕਰ ਪ੍ਰਣਾਲੀ ਨੂੰ ਦੁਬਾਰਾ ਜਾਂਚਣ ਲਈ ਭੂਮੀ ਦੀ ਮਿਨਤੀ ਕਰਵਾਈ। ਬਹੁਤ ਸਾਰੇ ਨਵੇਂ ਵਿਅਕਤੀਆਂ ਨੂੰ ਕੰਮ ਉੱਤੇ ਲਗਾਇਆ ਗਿਆ। ਪਟਵਾਰੀਆਂ ਦੀਆਂ ਤਨਖਾਹਾਂ ਵਧਾ ਦਿੱਤੀਆਂ ਗਈਆਂ ਤਾਂ ਜੋ ਉਹ ਭਰਿਸ਼ਟ ਨਾ ਹੋ ਜਾਣ, ਪ੍ਰੰਤੂ ਕਿਸਾਨਾਂ ਦੀ ਹਾਲਤ ਖਰਾਬ ਹੋ ਗਈ। ਕਿਸਾਨਾਂ ਦੀ ਹਾਲਤ ਖਰਾਬ ਹੋ ਗਈ। ਕਿਸਾਨਾਂ ਨੂੰ ਆਪਣੀ ਅੱਧੀ ਫਸਲ ਕਰ ਦੇ ਰੂਪ ਵਿੱਚ ਸਰਕਾਰ ਨੂੰ ਦੇਣੀ ਪੈਂਦੀ ਅਤੇ ਬਾਕੀ ਅੱਧੀ ਵਿੱਚੋਂ ਸਰਕਾਰ ਨੂੰ ਸਸਤੇ ਭਾਅ ਉੱਤੇ ਵੇਚਣੀ ਪੈਂਦੀ। ਕਿਸਾਨ ਬਹੁਤ ਜ਼ਿਆਦਾ ਅਸੰਤੁਸ਼ਟ ਸਰਕਾਰ ਦੁਆਰਾ ਸਖਤੀਆਂ ਕਾਰਨ ਅਤੇ ਨਵੇਂ ਸੁਧਾਰਾਂ ਕਾਰਨ ਕਿਸਾਨ ਸਰਕਾਰ ਤੋਂ ਬੁਰੀ ਤਰ੍ਹਾਂ ਬਰਬਾਦੀ ਛਲ ਰਿਹਾ ਸੀ। ਬਾਰਨੀ ਦਾ ਕਹਿਣਾ ਹੈ ਕਿ ਸਰਕਾਰੀ ਕਰ ਉਗਰਾਹੀ ਮਹਿਕਮੇ ਦੇ ਵਿਅਕਤੀਆਂ ਨੂੰ ਕੋਈ ਪਸੰਦ ਨਹੀਂ ਕਰਦਾ ਸੀ ਅਤੇ ਕੋਈ ਆਪਣੀ ਬੇਟੀ ਦਾ ਵਿਆਹ ਇਹਨਾਂ ਵਿਅਕਤੀਆਂ ਨਾਲ ਕਰਨ ਲਈ ਤਿਆਰ ਨਹੀਂ ਸਨ ਕਿਉਂਕਿ ਬਹੁਤਾ ਸਮਾਂ ਇਹ ਲੋਕ ਜੇਲ੍ਹਾਂ ਵਿੱਚ ਹੀ ਰਹਿੰਦੇ ਸਨ।

### ਅਲਾਉਦੀਨ ਦੇ ਸੁਧਾਰ

ਕੁਝ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਇਹ ਆਰਥਿਕ ਸੁਧਾਰ ਉਸਨੇ ਲੋਕਾਂ ਨੂੰ ਸੁਖੀ ਅਤੇ ਖੁਸ਼ਹਾਲ ਬਣਾਉਣ ਲਈ ਕੀਤੇ। ਡਾ. ਏ.ਪੀ. ਸਰਾਂ ਅਤੇ ਡਾ. ਕੇ.ਐਸ. ਲਾਲ ਅਨੁਸਾਰ ਅਜਿਹਾ ਉਸਨੇ ਇਹ ਸੁਧਾਰ ਇਸ ਲਈ ਕੀਤੇ ਤਾਂ ਜੋ ਉਸਨੂੰ ਸਥਾਈ ਸੈਨਾ ਰੱਖਣ ਲਈ ਕੋਈ ਔਖ ਨਾ ਹੋਵੇ ਅਤੇ ਆਰਮੀ ਰੱਖਣ ਵਿੱਚ ਉਸਨੂੰ ਰਾਜ ਸ੍ਰੋਤਾਂ ਉੱਤੇ ਕੋਈ ਭਾਰ ਨਾ ਪਵੇ। ਉਸਨੂੰ ਕਿਉਂਕਿ ਫੌਜ ਨੂੰ ਰੱਖਣਾ ਜ਼ਰੂਰੀ ਸੀ ਤਾਂ ਜੋ ਰਾਜ ਦੀ ਸੁਰੱਖਿਆ ਹੋ ਸਕੇ ਅਤੇ ਰਾਜਨੀਤਿਕ ਸਮੱਸਿਆਵਾਂ ਸੁਲਝ ਸਕਣ। ਚਾਰ ਤਰ੍ਹਾਂ ਦੇ ਸੁਧਾਰ ਲਿਆਂਦੇ ਗਏ।

(1) ਕੀਮਤ ਨਿਸ਼ਚਿਤ ਕਰ ਦਿੱਤੀਆਂ (2) ਉਗਰਾਹੁਣਾ (3)

(4) ਵੰਡਣਾ

**ਚੀਜ਼ਾਂ ਦੇ ਭਾਅ (ਕੀਮਤ) :** ਸੁਲਤਾਨ ਨੇ ਸਭ ਖਾਣ ਵਾਲੀਆਂ ਚੀਜ਼ਾਂ ਦੇ ਭਾਅ ਨਿਸ਼ਚਿਤ ਕਰ ਦਿੱਤੇ ਅਤੇ ਸਾਰੀਆਂ ਵਰਤੋਂ ਵਿੱਚ ਆਉਣ ਵਾਲੀਆਂ ਚੀਜ਼ਾਂ ਦੀ ਕੀਮਤ ਦੀ ਲਿਸਟ ਬਣਾਈ ਗਈ ਅਤੇ ਸਾਰੀਆਂ ਦੁਕਾਨਾਂ ਵਿੱਚ ਟੰਗਟਾਂ ਦਿੱਤੀ ਗਈ। ਦਿੱਤੀ ਗਈ ਲਿਖਤੀ ਲਿਸਟ ਵਿੱਚੋਂ ਕੁਝ ਚੀਜ਼ਾਂ ਦੇ ਭਾਅ ਇਸ ਤਰ੍ਹਾਂ ਸਨ :–

| | | |
|---|---|---|
| ਕਣਕ | ਇਕ ਮਣ | 7 ਜਿਤਲ |
| ਚੋਲ | ਇਕ ਮਣ | 5 ਜਿਤਲ |
| ਚੀਨੀ | ਇਕ ਸੇਰ | 1–½ ਜਿਤਲ |

ਸਾਰੀਆਂ ਜ਼ਰੂਰੀ ਚੀਜ਼ਾਂ ਦੇ ਭਾਅ ਜਿਵੇਂ ਸਬਜੀਆਂ, ਫਲ, ਬੂਟ, ਭਾਂਡੇ ਅਤੇ ਨੌਕਰਾਂ ਆਦਿ ਦੇ ਭਾਅ ਨਿਸ਼ਚਿਤ ਕਰ ਦਿੱਤੇ ਗਏ। ਕੰਮ-ਕਾਜ ਲਈ ਰੱਖੇ ਜਾਂਦੇ ਨੌਕਰ ਅਤੇ ਨੌਕਰਾਣੀਆਂ 5 ਟਕਾ ਤੋਂ 10 ਟਕਾ ਸੀ ਅਤੇ (Slave boys) ਗੁਲਾਮ ਮੁੰਢਿਆਂ 10 ਤੋਂ 15 ਟਕਾ ਵਿੱਚ ਖਰੀਦੇ ਜਾ ਸਕਦੇ ਸੀ।

**ਵਸਤੂਆਂ ਨੂੰ ਪ੍ਰਾਪਤ ਕਰਨ ਦੇ ਪ੍ਰਬੰਧ :** ਸੁਲਤਾਨ ਨੇ ਚੀਜ਼ਾਂ ਨੂੰ ਪ੍ਰਾਪਤ ਕਰਨ ਪ੍ਰਬੰਧ ਕੀਤੇ ਅਤੇ ਇਹਨਾਂ ਨੂੰ ਦਿੱਲੀ ਪਹੁੰਚਾਇਆ ਜਾਂਦਾ। ਉਸਨੇ ਰਾਜਧਾਨੀ ਵਿੱਚ ਵੱਡੇ ਵੱਡੇ ਸਟੋਰ ਦਾਣੇ ਰੱਖਣ ਲਈ ਬਣਾਏ ਅਤੇ ਮੁਲਤਾਨੀ ਵਪਾਰੀ ਅਤੇ ਬੰਨਜਾਰੇ ਦਿੱਲੀ ਦੇ ਨੇੜੇ ਦੇ ਪਿੰਡਾਂ ਵਿੱਚ ਰਹਿਣ ਲੱਗੇ। ਇਹ ਲੋਕ ਮਲਿਕ ਯਾਕੂਬ ਅਧੀਨ ਕੰਮ ਕਰਨ ਲੱਗੇ ਜੋ ਕਿ ਦਫ਼ਤਰ ਦਾ ਇੰਚਾਰਜ ਸੀ (ਦਾਣਾ ਮੰਡੀ)। ਇਹ ਲੋਕਾਂ ਦਾ ਕੰਮ ਸੀ ਦਾਣਿਆਂ ਨੂੰ ਦਿੱਲੀ ਲੈ ਕੇ ਆਉਣਾ।

**ਮਾਰਕਿਟ ਤੇ ਕੰਟਰੋਲ :** ਵੱਖ-ਵੱਖ ਵਸਤੂਆਂ ਲਈ ਵੱਖਰੀ-ਵੱਖਰੀ ਮੰਡੀ ਬਣਾਈ ਗਈ। ਕੱਪੜਾ ਬਜ਼ਾਰ, ਆਦਾਈ ਸਰਾਇ ਭਵਨ ਵਿੱਚ ਸੀ ਜੋ ਬਦਾਉ ਗੇਟ ਵਿੱਚ ਸਥਿਤ ਸੀ। ਹਰ ਬਜ਼ਾਰਾਂ ਦੇ ਹਰ ਅਫਸਰ ਜੋ ਇੰਚਾਰਜ ਹੁੰਦਾ ਸੀ ਨੂੰ ਸ਼ਾਹਨਾ-ਏ-ਮੰਡੀ ਕਿਹਾ ਜਾਂਦਾ ਸੀ। ਦਾਣਾ ਮੰਡੀ ਦਾ ਇੰਚਾਰਜ ਮਲਿਕ ਕਾਬੂਲ ਸੀ ਜੋ ਸੁਲਤਾਨ ਨੂੰ ਵਸਤੂਆਂ ਦੇ ਭਾਅ ਦੀ ਜਾਣਕਾਰੀ ਦਿੰਦਾ ਸੀ। ਉਹ ਮੰਡੀ ਵਿੱਚ ਭ੍ਰਿਸ਼ਟਾਚਾਰ ਨਾ ਹੋਣ ਦੇਣਾ ਵੀ ਉਸਦੀ ਜ਼ਿੰਮੇਵਾਰੀ ਸੀ। ਇਸ ਤੋਂ ਇਲਾਵਾ ਹੋਰ ਵੀ ਅਫਸਰ ਇਸ ਦਾਣਾ ਮੰਡੀ ਵਿੱਚ ਹੁੰਦੇ ਸਨ। ਬਰੀਦ ਇੱਕ ਅਫਸਰ ਹੁੰਦਾ ਸੀ ਜੋ ਬਾਜ਼ਾਰ ਵਿੱਚ ਅਫਸਰ ਹੁੰਦਾ ਸੀ। ਉਹ ਹਰ ਪ੍ਰਕਾਰ ਦੀ ਜਾਣਕਾਰੀ ਸੁਲਤਾਨ ਨੂੰ ਮੰਡੀ ਜਾਂ ਬਜ਼ਾਰ ਬਾਰੇ ਦਿੰਦਾ ਸੀ। ਸਾਰੀ ਮੰਡੀਆਂ ਦੇ ਅਫਸਰ ਨੂੰ ਦਿਵਾਨ-ਏ-ਰਿਆਸਤ ਕਿਹਾ ਜਾਂਦਾ ਸੀ। ਉਸਨੇ ਸਾਹਨਾ-ਏ-ਮੰਡੀ ਨਿਯੁਕਤ ਕੀਤਾ ਸੀ। ਮਲਿਕ ਯਾਕੂਬ ਦੁਆਰਾ ਵੱਡਾ ਆਡਿਸ ਬਣਾਇਆ ਗਿਆ।

**ਰਾਸ਼ਣ ਪ੍ਰਣਾਲੀ :** ਸਰੋਤਾਂ ਦਾ ਬਿਹਤਰ ਲਾਭ ਉਠਾਉਣ ਲਈ ਅਲਾਉਦੀਨ ਖਿਲਜੀ ਨੇ ਰਾਸ਼ਣ ਪ੍ਰਣਾਲੀ ਸ਼ੁਰੂ ਕੀਤੀ। ਜਦੋਂ ਕਦੇ ਵੀ ਖਾਦ ਸਮਗਰੀ ਦੀ ਘਾਟ ਹੁੰਦੀ ਅਕਾਲ ਆਦਿ ਕਰਕੇ ਸਰਕਾਰ ਆਪਣੇ ਸਟੋਰਾਂ ਵਿੱਚੋਂ ਦਾਣੇ ਮੁਹਈਆ ਕਰਵਾਉਂਦੀ ਉਸੇ ਹੀ ਭਾਅ ਉੱਤੇ ਜੋ ਪਹਿਲਾਂ ਨਿਸ਼ਚਿਤ ਸਨ। ਰਾਸ਼ਨ ਦੇਣ ਸਮੇਂ ਲਗਾਏ ਗਏ ਅਫਸਰ ਬਹੁਤ ਹੀ ਚੰਗਾ ਕੰਮ ਕਰਦੇ ਤਾਂ ਜੋ ਰਾਸ਼ਨ ਪ੍ਰਣਾਲੀ ਸੁਚੱਜੇ ਢੰਗ ਨਾਲ ਚਲ ਸਕੇ ਅਤੇ ਰਾਸ਼ਨ ਲੈਣ ਵਿੱਚ ਕੋਈ ਔਖ ਨਾ ਆਵੇ।

**ਸਖ਼ਤ ਸਜ਼ਾਵਾਂ :** ਸੁਲਤਾਨ ਦਾ ਹੁਕਮ ਸਖਤੀ ਨਾਲ ਲਾਗੂ ਕੀਤਾ ਜਾਂਦਾ। ਜੋ ਵੀ ਕੋਈ ਦੁਕਾਨਦਾਰ ਘੱਟ ਤੋਲਦਾ ਜਾਂ ਕਿਸੇ ਤਰ੍ਹਾਂ ਦਾ ਕੋਈ ਗਲਤ ਕੰਮ ਕਰਦਾ ਉਸਨੂੰ ਸਖ਼ਤ ਸਜ਼ਾ ਦਿੱਤੀ ਜਾਂਦੀ। ਇਸ ਤਰ੍ਹਾਂ ਸਾਰੇ ਦੁਕਾਨਦਾਰ ਭਰਿਸ਼ਟਾਚਾਰੀ ਦਾ ਹੀਆ ਵੀ ਨਾ ਕਰ ਸਕੇ ਕਿਉਂਕਿ ਉਹਨਾਂ ਨੂੰ ਸਜ਼ਾ ਦਾ ਡਰ ਰਹਿੰਦਾ ਸੀ। ਯਾਕੂਬ ਬਹੁਤ ਛੋਟੀ-ਛੋਟੀ ਗਲਤੀਆਂ ਦੀ ਸਖ਼ਤ ਸਜ਼ਾ ਦਿੰਦਾ ਸੀ।

**ਸੁਧਾਰਾਂ ਦੇ ਲਾਭ ਅਤੇ ਹਾਨੀਆਂ :** ਇਹਨਾਂ ਸੁਧਾਰਾਂ ਦੇ ਨਤੀਜੇ ਵਜੋਂ ਸੁਲਤਾਨ ਅਲਾਉਦੀਨ ਖਿਲਜੀ ਇੱਕ ਵੱਡੀ ਸਥਾਈ ਸੈਨਾ ਰੱਖ ਸਕਿਆ ਅਤੇ ਖਰਚੇ ਦਾ ਭਾਰ ਵੀ ਉਸ ਉੱਤੇ ਨਾ ਪਿਆ। ਇਕ ਸਥਾਈ ਅਤੇ ਸ਼ਕਤੀਸ਼ਾਲੀ ਸੈਨਾ ਕਰਕੇ ਉਹ ਮੰਗੋਲਾਂ ਦੇ ਹਰ ਹਮਲੇ ਦਾ ਮੁਕਾਬਲਾ ਕਰ ਸਕਿਆ ਅਤੇ ਆਪਣੇ ਰਾਜ ਵਿੱਚ ਕਾਨੂੰਨ ਤੇ ਸ਼ਾਂਤੀ ਸਥਾਪਿਤ ਕਰ ਸਕਿਆ। ਬਹੁਤ ਸਾਰੀਆਂ ਜਿੱਤਾਂ ਪ੍ਰਾਪਤ ਕੀਤੀਆਂ। ਉਸਦੇ ਸੁਧਾਰਾਂ ਕਰਕੇ ਕਿਸਾਨ, ਕਾਸ਼ਤਕਾਰ, ਵਪਾਰੀ, ਉਤਪਾਦਕਾਂ ਅਤੇ ਕਾਰੀਗਰਾਂ ਆਦਿ ਨੂੰ ਆਪਣੀਆਂ ਵਸਤੂਆਂ ਘੱਟ ਰੇਟਾਂ ਵਿੱਚ ਵੇਚਣੀਆਂ ਪਈਆਂ। ਇਹਨਾਂ ਲੋਕਾਂ ਨੂੰ ਆਰਥਿਕ ਹਾਨੀਆਂ ਹੋਈਆਂ ਅਤੇ ਨਾਲ ਹੀ ਇਹਨਾਂ ਦੀ ਦਿਲਚਸਪੀ ਚੀਜ਼ਾਂ ਨੂੰ ਉਤਪੰਨ ਕਰਨ ਵਿੱਚ ਘੱਟ ਗਈ। ਸੁਧਾਰਾਂ ਕਰਕੇ ਇਹਨਾਂ ਦੀਆਂ ਚੀਜ਼ਾਂ ਦੇ ਰੇਟ ਘੱਟ ਮਿਲਦੇ ਜਦੋਂ ਕਿ ਬਾਕੀ ਜਗਾਵਾਂ ਭਾਵ ਦਿੱਲੀ ਤੋਂ ਛੁੱਟ ਬਾਕੀ ਥਾਵਾਂ ਉੱਤੇ ਰੇਟ ਵੱਧ ਕਮਾਉਂਦੇ। ਕਿਸਾਨਾਂ ਦੀ ਹਾਲਤ ਬਹੁਤ ਖਰਾਬ ਸੀ। ਉਹਨਾਂ ਨੂੰ ਉਹਨਾਂ ਦੀ ਉਪਜ ਦਾ ਘੱਟ

ਹਿੱਸਾ ਦਿੱਤਾ ਜਾਂਦਾ। ਇਹਨਾਂ ਹਾਲਤਾਂ ਵਿਚ ਉਹ ਖੁਸ਼ ਨਹੀਂ ਰਹਿ ਸਕਦੇ ਸਨ। ਅਲਾਉਦੀਨ ਖਿਲਜੀ ਦੀ ਲੋਕ ਪ੍ਰਿਯਤਾ ਘੱਟ ਹੋ ਗਈ ਸੀ ਕਿਉਂਕਿ ਉਹ ਸਖ਼ਤ ਸਜ਼ਾ ਦਿੰਦਾ ਸੀ। ਲੋਕ ਸਰਕਾਰ ਨੂੰ ਹੈਜੇ ਨਾਲੋਂ ਵੀ ਜ਼ਿਆਦਾ ਘਾਤਕ ਸਮਝਦੇ ਸਨ। ਅਲਾਉਦੀਨ ਦੀ ਮੌਤ ਤੋਂ ਬਾਅਦ ਮੰਡੀ ਕੰਟਰੋਲ ਅਤੇ ਇਸ ਨਾਲ ਸੰਬੰਧ ਕਾਨੂੰਨਾਂ ਦਾ ਖਾਤਮਾ ਹੋ ਗਿਆ ਅਤੇ ਲੋਕਾਂ ਨੂੰ ਸੁਖ ਦਾ ਸਾਹ ਆਇਆ।

**ਅਲਾਉਦੀਨ ਦਾ ਚਰਿੱਤਰ :** ਅਲਾਉਦੀਨ ਖਿਲਜੀ ਮੱਧਕਾਲੀਨ ਭਾਰਤੀ ਸ਼ਾਸਕਾਂ ਵਿੱਚੋਂ ਸਭ ਤੋਂ ਸ਼ਕਤੀਸ਼ਾਲੀ ਸ਼ਾਸਕ ਸੀ। ਉਸਨੇ ਇੱਕ ਵੱਡਾ ਰਾਜ ਬਣਾਇਆ ਅਤੇ ਤੁਰਕਾਂ ਲਈ ਦੱਖਣ ਦਾ ਰਾਹ ਖੋਲ ਦਿੱਤਾ ਅਤੇ ਮੰਗੋਲਾਂ ਤੋਂ ਆਪਣੇ ਰਾਜ ਨੂੰ ਸੁਰੱਖਿਅਤ ਕੀਤਾ। ਉਸਨੇ ਇਕ ਤਗੜੀ ਸਲਤਨਤ ਬਣਾਈ ਅਤੇ ਉਲੇਮਾਂ ਤੇ ਅਮੀਰਾਂ ਦੇ ਪ੍ਰਭਾਵ ਨੂੰ ਘਟਾਇਆ। ਇਕ ਚੰਗਾ ਪ੍ਰਸ਼ਾਸਕ ਹੋਣ ਦੇ ਉਸ ਵਿੱਚ ਸਾਰੇ ਗੁਣ ਸਨ। ਉਸਨੇ ਚੰਗਾ ਫੌਜ਼ੀ ਅਤੇ ਸਿਵਿਲ ਪ੍ਰਬੰਧ ਲਾਗੂ ਕੀਤਾ ਜੋ ਉਸ ਲਈ ਮਾਣ ਵਾਲੀ ਗਲ ਸੀ। ਇਹ ਸਭ ਕੁਝ ਉਸਦੇ ਵਿੱਚ ਮਾਜੂਦ ਗੁਣਾਂ ਕਾਰਨ ਸੰਭਵ ਹੋਇਆ। ਉਸਦੇ ਕੀਤੇ ਹੋਏ ਕੰਮਾਂ ਵਿੱਚੋਂ ਆਰਥਿਕ ਸੁਧਾਰ ਇਕ ਨਵੀਨ ਤਜ਼ਰਬੇ ਸਨ ਜੋ ਉਸਨੇ ਉਸ ਸਮੇਂ ਕੀਤੇ। ਉਸਦੇ ਰਾਜ ਵਿੱਚ ਕਈ ਵਿਦਵਾਨ ਅਤੇ ਪੜ੍ਹੇ ਲਿਖੇ ਸਨ।

**ਅਲਾਉਦੀਨ ਖਿਲਜੀ ਦੇ ਰਾਜ ਦੀਆਂ ਕਮੀਆਂ :** ਅਲਾਉਦੀਨ ਖਿਲਜੀ ਦਾ ਸ਼ਾਸਨ ਖ਼ੂਨ ਅਤੇ ਲੋਹੇ ਦੀ ਨੀਤੀ ਉੱਤੇ ਬਣਾਇਆ ਗਿਆ ਸੀ। ਉਸਨੂੰ ਗੰਭੀਰ ਅਤੇ ਸਖ਼ਤ ਉਪਾਅ ਉੱਤੇ ਵਿਸ਼ਵਾਸ ਸੀ। ਉਸਨੇ ਆਪਣੇ ਚਾਚੇ ਅਤੇ ਉਸਦੇ ਪਰਿਵਾਰ ਨੂੰ ਖਤਮ ਕਰ ਦਿੱਤਾ। ਉਸਨੇ ਲੋਹੇ ਦੀ ਨੀਤੀ ਨਾਲ ਤਖਤ ਨੂੰ ਪ੍ਰਾਪਤ ਕੀਤਾ ਅਤੇ ਆਪਣਾ ਅਧਿਕਾਰ ਤਲਵਾਰ ਅਤੇ ਸ਼ਕਤੀ ਉੱਤੇ ਸਥਾਪਿਤ ਕੀਤਾ। ਉਸਨੇ ਕੇਂਦਰੀਕਰਣ ਦੀ ਨੀਤੀ ਆਪਣੇ ਰਾਜ ਉੱਤੇ ਬਣਾਈ। ਰਾਜ ਦੀ ਸਾਰੀਆਂ ਸ਼ਕਤੀਆਂ ਉਸਦੇ ਹੱਥ ਵਿੱਚ ਸਨ।

ਅਲਾਉਦੀਨ ਨੇ ਬਹੁਤ ਹੀ ਕੱਟੜ ਨੀਤੀ ਹਿੰਦੂਆਂ ਲਈ ਅਪਣਾਈ। ਇਹੀ ਕਾਰਨ ਸੀ ਕਿ ਹਿੰਦੂ ਉਸਤੇ ਵਿਸ਼ਵਾਸ ਨਹੀਂ ਰਖਦੇ ਸਨ। ਬਹੁਤ ਸਾਰੀਆਂ ਸਖਤੀਆਂ ਹਿੰਦੂਆਂ ਉੱਤੇ ਲਗਾ ਦਿੱਤੀਆਂ ਅਤੇ ਉਹਨਾਂ ਨੂੰ ਕਈ ਅਧਿਕਾਰਾਂ ਤੋਂ ਵਾਂਝੇ ਕਰ ਦਿੱਤਾ ਗਿਆ। ਅਲਾਉਦੀਨ ਮੁਸਲਿਮ ਅਮੀਰਾਂ ਨਾਲ ਵੀ ਆਦਰ ਅਤੇ ਮਾਣ ਨਾਲ ਨਾ ਰਿਹਾ। ਉਸਦੀ ਸਮਾਜਿਕ ਅਤੇ ਆਰਥਿਕ ਨੀਤੀਆਂ ਕਾਰਨ ਕੁਲੀਨ ਵਰਗ ਤੰਗੀਆਂ ਝਲਣ ਲੱਗਾ।

ਮੰਡੀ ਅਤੇ ਬਾਜ਼ਾਰ ਦੇ ਕਾਨੂੰਨ ਲੋਕਾਂ ਦੀਆਂ ਲੋੜਾਂ ਮੁਤਾਬਕ ਨਹੀਂ ਸਨ। ਲੋਕ ਸੁਲਤਾਨ ਨੂੰ ਨਾਪਸੰਦ ਕਰਨ ਲੱਗੇ। ਅਲਾਉਦੀਨ ਖਿਲਜੀ ਹਮੇਸ਼ਾ ਹੀ ਮਲਿਕ ਕੈਫੂਰ ਨੂੰ ਸਲਾਹੁੰਦਾ ਅਤੇ ਉਸਦਾ ਪੱਖ ਲੈਂਦਾ। ਇਸ ਕਰਕੇ ਅਮੀਰ ਵਰਗ ਉਸ ਤੋਂ ਖਫਾ ਹੋ ਗਿਆ।

ਦਿਲੀ ਸਲਤਨਤ ਨੇ ਲਗਾਤਾਰ ਵਿਦਰੋਹਾਂ ਕਰਕੇ ਦੁੱਖ ਝੇਲੇ। ਸਾਰੇ ਪਾਸੇ ਖਿਲਜੀ ਵੰਸ਼ ਦਾ ਪਤਨ ਅਲਾਉਦੀਨ ਦੇ ਆਖਰੀ ਸਮੇਂ ਤੋਂ ਹੋਣਾ ਸ਼ੁਰੂ ਹੋ ਗਿਆ ਅਤੇ ਬਾਅਦ ਵਿੱਚ ਖਾਤਮਾ ਹੋ ਗਿਆ। ਕਮੀਆਂ ਅਤੇ ਰਾਜਨੀਤਿਕ ਘਾਟਾ ਕਾਰਨ ਦਿੱਲੀ ਸਲਤਨਤ ਉੱਤੇ ਨਵਾਂ ਵੰਸ਼ ਆ ਗਿਆ।

**ਪਾਠ ਨੰ. 1.7** **ਸੈਕਸ਼ਨ – ਬੀ** **ਲੇਖਕ : ਨਾਜ਼ੁਰ ਸਿੰਘ**

## ਮੁਹੰਮਦ ਤੁਗਲਕ ਅਤੇ ਉਸ ਵੱਲੋਂ ਰਾਜ ਪ੍ਰਬੰਧ ਲਈ ਤਜਰਬੇ

**ਪਾਠ ਦੀ ਬਣਤਰ :**

**ਉਦੇਸ਼ (Objectives)**
**ਜਾਣ–ਪਛਾਣ (Introduction)**
**ਤੁਗਲਕ ਦਾ ਪਿਛੋਕੜ**
**ਵਿਦਿਆ ਤੇ ਚਿੰਤਨ (Intellect)**
**ਰਾਜਸੀ ਤਜਰਬੇ (Experiments)**
**ਔਕੜਾਂ ਦਾ ਸਾਹਮਣਾ**
**ਨਤੀਜੇ**
**ਦੇਣ ਜਾਂ Legacy**
**ਤਕਨੀਕੀ ਸ਼ਬਦ**
**ਵਿਦਿਆਰਥੀ ਲਈ ਛੋਟੇ ਪ੍ਰਸ਼ਨ**
**ਲੰਮੇ ਪ੍ਰਸ਼ਨ**
**ਹੋਰ ਜਾਣਕਾਰੀ ਵਾਸਤੇ ਪੁਸਤਕਾਂ**

**ਉਦੇਸ਼ (Objectives) :**

(1) ਮੁਹੰਮਦ ਤੁਗਲਕ ਦੀ ਸ਼ਖਸੀਅਤ, ਔਕੜਾਂ ਅਤੇ ਤਜਰਬਿਆਂ ਦਾ ਗਿਆਨ ਕਲਮਬੰਦ ਕਰਨਾ।

(2) ਤੁਗਲਕ ਦੇ ਵਿਦੇਸ਼ੀ ਜਾਂ ਗੈਰ–ਭਾਰਤੀ ਦੇਸ਼ਾਂ ਨਾਲ ਸੰਬੰਧਾਂ ਦੀ ਜਾਣਕਾਰੀ ਦੇਣਾ।

(3) ਇਤਿਹਾਸਕਾਰਾਂ ਦੀਆਂ ਵੱਖ ਰਾਵਾਂ ਤੇ ਵਿਚਾਰ ਕਰਕੇ ਇਤਿਹਾਸਕ ਸੋਮਿਆਂ ਦੀ ਚਰਚਾ ਕੀਤੀ ਜਾਵੇਗੀ।

ਮੁਹੰਮਦ ਤੁਗਲਕ ਦਾ ਅਸਲੀ ਨਾਮ ਜੌਨਾ ਖਾਨ ਮੁਹੰਮਦ ਸੀ ਅਤੇ ਉਹ ਸੁਲਤਾਨ ਗਿਆਸੁਦੀਨ ਦਾ ਪੁੱਤਰ ਸੀ। ਜਿਸ ਨੂੰ ਫੌਜ ਦੇ ਕੇ ਵਾਰੰਗਲ ਵਿਰੁੱਧ ਭੇਜਿਆ ਗਿਆ ਸੀ। ਬਹਾਦਰੀ ਨਾਲ ਲੜੇ ਵਾਰੰਗਲ ਨੇ ਜੌਨਾ ਖਾਨ ਸਹਿਜਾਦੇ ਨੂੰ ਵਾਪਸ ਦਿੱਲੀ ਪਰਤਣ ਲਈ ਮਜਬੂਰ ਕੀਤਾ। ਦਿੱਲੀ ਤੋਂ 4 ਮਹੀਨਿਆਂ ਬਾਅਦ ਉਸ ਨੇ ਫਿਰ ਵਾਰੰਗਲ ਤੇ ਹਮਲਾ ਕੀਤਾ ਤੇ ਯੁੱਧ ਵਿਚ ਉਹ ਸਫਲ ਰਿਹਾ। ਹਾਰੇ ਹੋਏ ਰਾਜੇ ਨੂੰ ਦਿੱਲੀ ਭੇਜ ਕੇ ਜੌਨਾ ਮੁਹੰਮਦ ਨੇ ਵਾਰੰਗਲ ਦਾ ਨਾਮ ਸੁਲਤਾਨਪੁਰ ਰੱਖ ਦਿੱਤਾ।

**ਰਾਜਸੀ ਸੋਚ :**

ਮੁਹੰਮਦ ਜੌਨਾ ਖਾਨ ਤੁਗਲਕ ਵਾਰੰਗਲ ਜਿੱਤ ਕੇ ਸੁਲਤਾਨ ਬਣਿਆ। ਉਸ ਦੀ ਇੱਛਾ ਸੀ ਕਿ ਹੇਠ ਲਿਖੀਆਂ ਪ੍ਰਾਪਤੀਆਂ ਹੋਣ :

1) ਹਰ ਕੋਨੇ ਤੋਂ ਖਰਾਜ (Revenue by Tribute) ਉਸ ਦੇ ਦਰਬਾਰ ਨੂੰ ਮਿਲੇ।
2) ਉਹ ਸਿਕੰਦਰ ਬਣ ਕੇ ਖੁਸ਼ ਨਹੀਂ ਸੀ ਬਲਕਿ ਸੁਲੇਮਾਨ ਦਾ ਦਰਜਾ ਹਾਸਲ ਕਰਕੇ ਕੇਵਲ ਮਨੁੱਖਾਂ ਉਪਰ ਰਾਜ ਨਹੀਂ ਸੀ ਕਰਨਾ ਚਾਹੁੰਦਾ ਜਿਨਾਂ ਜਾਤੀ ਤੇ ਸ਼ਕਤੀ ਹਾਸਲ ਕਰਨੀ ਸੀ। ਉਹ **ਬਾਦਸ਼ਾਹੀ** (ਸਲਤਨਤ) ਅਤੇ **ਪੈਗੰਬਰੀ** (ਨਬੂਵਤ) ਨੂੰ ਮਿਲਾ ਕੇ ਰਾਜਧਾਨੀ ਤੋਂ ਹੁਕਮ ਜਾਰੀ ਕਰਨ ਦੀ ਇੱਛਾ ਰੱਖਦਾ ਸੀ।
3) ਮੁਹੰਮਦ ਤੁਗਲਕ ਨੇ ਸੈਨਿਕਾਂ ਰਾਹੀਂ ਦਿੱਲੀ ਸਲਤਨਤ ਨੂੰ 23 ਪ੍ਰਾਂਤਾਂ ਵਿਚ ਵੰਡ ਦਿੱਤਾ ਸੀ। ਇਹ ਪ੍ਰਾਂਤ ਸਨ : ਦਿੱਲੀ, ਦੇਵਗਿਰੀ, ਮੁਲਤਾਨ, ਘੜਾਮ, ਸਮਾਨਾ, ਸੀਵਿਸਤਾਨ, ਉੱਚ, ਹਾਂਸੀ, ਸਰੁਸਤੀ, ਮਾਬਰ, ਤਿਲੰਗਾਨਾ,
   ਗੁਜਰਾਤ, ਬਦਾਯੂੰ, ਅਵੱਧ, ਕਨੌਜ, ਲਖਨੌਟੀ, ਬਿਹਾਰ, ਕੜਾ, ਮਾਲਵਾ, ਲਾਹੌਰ, ਕਲਾਨੌਰ, ਜਾਜਨਗਰ ਅਤੇ ਦਵਾਰ ਸਮੁਦਰ।

**ਵਿਦੇਸ਼ੀਆਂ ਨੂੰ ਪ੍ਰਭਾਵਤ ਕਰਨਾ :–**

ਅਨੁਭਵੀ ਅਮੀਰਾਂ ਦੇ ਸਰਪ੍ਰਸਤੀ ਤੋਂ ਇਲਾਵਾ ਤੁਗਲਕ ਵਿਦੇਸ਼ੀਆਂ ਨੂੰ ਦਿੱਲੀ ਵੱਲ ਖਿੱਚਣ ਦਾ ਯਤਨ ਕਰਦਾ ਸੀ ਤਾਂ ਕਿ ਉਹ ਭਾਰਤੀ ਸਾਮਰਾਜ ਦੀ ਤਾਰੀਫ ਕਰ ਸਕਣ ਤੇ ਭਾਰਤੀ ਅਮੀਰਾਂ ਨੂੰ ਵੀ ਚੈਕ ਕਰਨ ਵਿਚ ਕੇਵਲ ਸੁਲਤਾਨ ਦੀ ਨੀਤੀ ਦਾ ਸਮਰਥਨ ਕਰਨ। ਯਮਨ, ਖੁਰਾਸਾਨ ਤੇ ਫਾਰਸ ਵਰਗੇ ਦੇਸ਼ਾਂ ਵਿਚ ਸੁਲਤਾਨ ਦੀ ਬੇਮਿਸਾਲ ਦਾਰਸ਼ਨਿਕਤਾ (Idealism) ਦੇ ਕਿੱਸੇ ਮਸ਼ਹੂਰ ਸਨ। ਵਿਦੇਸ਼ੀ ਪ੍ਰਤੀਨਿਧੀਆਂ ਨੂੰ ਭਾਰਤ ਆਉਣ ਲਈ ਸੁਲਤਾਨ ਦੇ ਅਧਿਕਾਰੀਆਂ ਤੇ ਨਿਰਭਰ ਕਰਨਾ ਪੈਂਦਾ ਸੀ।

**ਉਦਾਹਰਣ :–**

ਮਸ਼ਹੂਰ ਅਰਬ ਯਾਤਰੀ ਇਬਨ ਬਾਤੂਤਾ ਜਦੋਂ ਸਾਥੀਆਂ ਸਮੇਤ ਮੁਲਤਾਨ ਆਇਆ ਤਾਂ ਸਵਾਗਤ ਨਾਲ ਉਸ ਨੂੰ ਦਿੱਲੀ ਲਿਆਂਦਾ ਗਿਆ ਤੇ ਦਿੱਲੀ ਦੇ ਕਾਜੀ ਦਾ ਅਹੁਦਾ ਦੇ ਦਿੱਤਾ ਗਿਆ। ਉਸ ਦੀ ਤਨਖਾਹ 1000 ਦਿਨਾਰ ਸਾਲਾਨਾ ਸੀ ਤੇ ਅਨੇਕਾਂ ਪਿੰਡਾਂ ਦਾ **ਜਗੀਰਦਾਰ** ਸੀ। ਆਪਣੇ **ਸਫ਼ਰਨਾਮੇ** ਰਾਹੀਂ ਬਾਤੂਤਾ ਦੱਸਦਾ ਹੈ ਕਿ ਸੁਲਤਾਨ ਵਿਦੇਸ਼ੀਆਂ ਨੂੰ **ਅਜੀਜ** ਆਖਦਾ ਸੀ ਅਤੇ ਤਰਜੀਹ ਦਿੰਦਾ ਸੀ। ਅਨੇਕਾਂ ਵਿਦੇਸ਼ੀ ਦਿੱਲੀ ਆ ਕੇ ਵੱਸ ਗਏ।

**ਸੋਮੇ (Sources) :–**

ਮੁਹੰਮਦ ਤੁਗਲਕ ਦੇ ਰਾਜ ਕਾਲ ਨੂੰ ਸਮਝਣ ਲਈ ਸਾਡੇ ਪਾਸ ਸਮਕਾਲੀ ਕਰਮਚਾਰੀ **ਜਿਆਉਦ ਦੀਨ ਬਰਨੀ** ਦੀਆਂ ਲਿਖਤਾਂ ਤੋਂ ਇਲਾਵਾ ਹੋਰ ਫਾਰਸੀ ਪੁਸਤਕਾਂ ਹਨ। ਜਿਵੇਂ ਕਿ :

1) ਸਮਸ-ਏ-ਸਿਰਾਜ ਅਠੀਠ ਦੀ **ਤਾਰੀਖ–ਏ–ਫੀਰੋਜ–ਸ਼ਾਹੀ**
2) ਸੁਲਤਾਨ ਫੀਰੋਜਸ਼ਾਹ ਦੀ **ਫਤੂਹਤ–ਏ ਫੀਰੋਜ਼ਸ਼ਾਹੀ**
3) ਐਨ-ਉਲ-ਮੁਲਤਾਨੀ ਦਾ **ਮੁਨਸ਼ਾਤ–ਇ–ਮਾਹੂਰ**
4) ਅਮੀਰ ਖੁਸਰੋ ਦਾ **ਤੁਗਲਕ ਨਾਮਾ**
5) ਯਹੀਆ ਬਿਨ ਅਹਿਮਦ ਸਰਹੰਦੀ ਦੀ **ਤਾਰੀਖ–ਇ–ਮੁਬਾਰਕ**

6) ਦਿੱਲੀ ਦਾ ਕਾਜੀ ਬਨਣ ਤੋਂ ਪਿੱਛੋਂ ਇਬਨ ਬਾਤੂਤਾ ਸੁਲਤਾਨ ਦਾ ਰਾਜਦੂਤ ਬਣ ਕੇ ਚੀਨ ਗਿਆ ਤੇ ਪੁਸਤਕਾਂ ਨੂੰ ਲਿਖ ਕੇ ਛਪਾਇਆ ਸੀ। ਉਹ 1333 ਈ. ਨੂੰ ਭਾਰਤ ਆਇਆ ਸੀ ਅਤੇ 1342 ਈ. ਨੂੰ ਚੀਨ ਗਿਆ।

**ਮੁਹੰਮਦ ਤੁਗਲਕ ਬਾਰੇ ਬਹਿਸਾਂ :**

ਮੁਹੰਮਦ ਤੁਗਲਕ ਦਾ ਇਤਿਹਾਸ ਵਿਚ ਨਾਮ ਜਾਂ ਸਥਾਨ ਨਿਯੁਕਤ ਕਰਨਾ ਔਖਾ ਕਾਰਜ ਹੈ। ਹੇਠ ਲਿਖੇ ਪ੍ਰਸ਼ਨ ਬਾਰ ਬਾਰ ਉਠਦੇ ਹਨ :

1) ਕੀ ਤੁਗਲਕ ਬੁੱਧੀਵਾਨ ਸੀ ਜਾਂ ਪਾਗਲ ?
2) ਕੀ ਉਹ ਆਦਰਸ਼ਵਾਦੀ ਸੀ ਜਾਂ ਸੁਪਨਿਆਂ ਦਾ ਮਾਰੂ ?
3) ਕੀ ਉਹ ਖ਼ੂਨ ਦਾ ਪਿਆਸਾ ਸੁਲਤਾਨ ਸੀ ਜਾਂ ਧਰਮਾਤਮਾ ?
4) ਕੀ ਸੁਲਤਾਨ ਤਿੱਖੀ ਬੁੱਧੀ, ਚੰਗੀ ਯਾਦਸ਼ਕਤੀ ਤੇ ਗਿਆਨ ਦੀ ਯੋਗਤਾ ਨਾਲ ਭਰਪੂਰ ਸੀ ?

**ਤੁਗਲਕ ਦਾ ਗਿਆਨ ਜਾਂ ਵਿਦਿਆ :**

ਮੁਹੰਮਦ ਤੁਗਲਕ ਦਾ ਗਿਆਨ ਹੇਠ ਲਿਖੇ ਅਨੁਸਾਰ ਸੀ :

ੳ) ਤਰਕ ਸ਼ਾਸਤਰ (Rationalism)
ਅ) ਹਿਸਾਬ
ੲ) ਜੋਤਿਸ਼–ਵਿਦਿਆ
ਸ) ਭੌਤਿਕ ਵਿਗਿਆਨ
ਹ) ਰਚਨਾ ਸ਼ੈਲੀ ਤੇ ਸੁੰਦਰ ਲਿਖਾਈ
ਕ) ਫਾਰਸੀ ਕਵਿਤਾ ਦਾ ਸ਼ੌਕੀਨ ਸੀ
ਖ) ਉਹ ਤਜਰਬੇਕਾਰ ਸੈਨਾਪਤੀ ਸੀ। ਅਨੇਕਾਂ ਵਾਰ ਜਿੱਤਿਆ ਤੇ ਬਹੁਤ ਘੱਟ ਹਮਲਿਆਂ ਵਿਚ ਹਾਰ ਦਾ ਮੂੰਹ ਵੇਖਿਆ।
ਗ) ਉਸ ਦੀ ਆਦਤਾਂ ਸਰਲ ਸਨ। ਬਾਤੂਤਾ ਲਿਖਦਾ ਹੈ ਕਿ ਸੁਲਤਾਨ ਉਦਾਰਤਾ ਦਾ ਪ੍ਰਮੁੱਖ ਸੀ ਪਰੰਤੂ ਬਾਦੂਨੀ ਅਤੇ ਫਰਿਸ਼ਤਾ ਵਰਗੇ ਇਤਿਹਾਸਕਾਰਾਂ ਨੇ ਉਸ ਨੂੰ ਅਧਰਮੀ ਤੇ ਕਤਲ ਕਰਵਾਉਣ ਵਾਲਾ ਸੁਲਤਾਨ ਆਖਿਆ ਹੈ। ਪਰੰਤੂ ਇਬਨ ਬਾਤੂਤਾ ਅਨੁਸਾਰ ਮੁਹੰਮਦ ਤੁਗਲਕ ਸ਼ਰਧਾ ਨਾਲ ਨਿਮਾਜ ਪੜ੍ਹਦਾ ਸੀ ਤੇ ਨਿਮਾਜ ਨਾ ਪੜ੍ਹਨ ਵਾਲਿਆਂ ਨੂੰ ਸਜਾ ਦਿੰਦਾ ਸੀ। ਹਾਂ, ਖਿਲਜੀਆਂ ਵਾਂਗ ਹੀ ਉਸ ਨੇ ਧਾਰਮਿਕ ਮਜ਼ਬੀ ਕਾਨੂੰਨਾਂ ਨੂੰ ਰੱਦ ਕਰ ਦਿੱਤਾ ਤੇ ਆਪਣੇ ਰਾਜਨੀਤਕ ਵਤੀਰੇ ਨੂੰ ਛੁਪਾਇਆ ਨਹੀਂ ਸੀ।
ਘ) ਮੁਹੰਮਦ ਤੁਗਲਕ ਕਾਹਲਾ ਤੇ ਗਰਮ ਸੁਭਾਅ ਦਾ ਸੀ। ਉਹ ਸਖਤੀ ਕਰਦਾ ਸੀ ਤੇ ਦਿਮਾਗੀ ਸੰਤੁਲਨ ਗਵਾ ਬੈਠਾ ਸੀ।

**ਰਾਜਨੀਤਕ ਤਜਰਬੇ :**

ਸਪੇਨ ਦੇ ਸਮਰਾਟ ਫਿਲਪਸ ਦੂਜੇ ਵਾਂਗ ਮੁਹੰਮਦ ਤੁਗਲਕ ਨੇ ਮਾਲੀਆ ਵਿਭਾਗ ਦਾ ਸਾਰਾ ਰਿਕਾਰਡ ਸੋਧਿਆ। ਭੂਮੀ–ਲਗਾਨ ਜਾਂ ਮਾਲੀਏ ਲਈ **ਵਹੀ** ਬਣਾਈ ਗਈ। ਗੰਗਾ ਤੇ ਜਮਨਾ ਵਿਚਕਾਰ ਦੀ ਉਪਜਾਊ ਧਰਤੀ ਲਈ ਟੈਕਸਾਂ ਦੀ ਦਰ ਵਿਚ ਵਾਧਾ ਕੀਤਾ। ਹੋਣ ਵਾਲੀ 50 ਪ੍ਰਤੀਸ਼ਤ ਫਸਲ ਮਾਲੀਏ

ਦੇ ਰੂਪ 'ਚ ਕਿਸਾਨਾਂ ਤੋਂ ਸੁਲਤਾਨ ਹਾਸਲ ਕਰਦਾ ਸੀ। ਇਹ ਵਾਧਾ ਦੁਆਬ ਦੇ ਬਾਗ਼ੀਆ ਨੂੰ ਦਿੱਤੀ ਸਜਾ ਹੀ ਸੀ। ਪਰ ਅਸਲ ਵਿਚ ਸੁਲਤਾਨ ਆਪਣੀ ਸੈਨਾ ਤੇ ਰਾਜ ਪ੍ਰਬੰਧ ਨੂੰ ਮਜਬੂਤ ਕਰ ਰਿਹਾ ਸੀ।

ਪਰੰਤੂ ਇਹ ਸੁਧਾਰ ਬੇਵਕਤਾ ਸੀ ਕਿਉਂਕਿ ਇਸ ਸਮੇਂ ਅਕਾਲ ਪਿਆ ਹੋਇਆ ਸੀ। ਖੇਤੀ ਤਬਾਹ ਹੋ ਗਈ ਅਤੇ ਕਿਸਾਨ ਖੇਤੀ ਛੱਡ ਕੇ ਨੱਸ ਗਏ ਤੇ ਉਹ ਸੁਲਤਾਨ ਦੇ ਵਿਰੋਧੀ ਵੀ ਬਣੇ।

**ਰਾਜਧਾਨੀ ਦਾ ਬਦਲਣਾ :**

ਦੇਵਗਿਰੀ ਦਾ ਨਾਮ ਬਦਲ ਕੇ ਦੌਲਤਾਬਾਦ ਰੱਖ ਦਿੱਤਾ ਅਤੇ ਮੁਹੰਮਦ ਤੁਗਲਕ ਨੇ 1327 ਈ. ਨੂੰ ਆਪਣੀ ਰਾਜਧਾਨੀ ਦਿੱਲੀ ਤੋਂ ਉਥੇ ਬਦਲ ਦਿੱਤੀ। ਲੋਕਾਂ ਨੂੰ ਬੇਹੱਦ ਕਸ਼ਟ ਹੋਇਆ। ਨਵੀਂ ਰਾਜਧਾਨੀ ਵਿਦੇਸ਼ੀ ਹਮਲਿਆਂ ਤੋਂ ਮੁਕਤ ਸੀ ਅਤੇ ਦੱਖਣ ਵੱਲ ਗੁਜਰਾਤ ਤੋਂ ਲੈ ਕੇ ਸਮੁੰਦਰੀ ਕਿਨਾਰੇ ਤੱਕ ਅਤੇ ਪੂਰਬ ਵਿਚ ਬੰਗਾਲ ਸਾਰਾ ਸੂਬਾ ਤੇ ਮੱਧ ਭਾਰਤ ਵਿਚ ਮਾਲਵਾ, ਮਹੋਬਾ ਅਤੇ ਉਜੈਨ ਦੇ ਖੇਤਰ ਇਸ ਦੇ ਨਾਲ ਲਗਦੇ ਸਨ। ਨਵੀਂ ਰਾਜਧਾਨੀ ਦੀ ਮੁਹਿੰਮ ਬਰਨੀ ਨੇ ਕੀਤੀ ਅਤੇ ਇਬਨ ਬਾਤੂਤਾ ਨੇ ਹੀ ਨਵੀਂ ਇਮਾਰਤਾਂ ਬੇਮਿਸਾਲ ਆਖੀਆਂ ਸਨ। ਖੁਲ੍ਹੀ ਸੜਕ ਬਣਾ ਕੇ ਦੋਵੇਂ ਪਾਸੇ ਦਰਖਤ ਲਗਾਏ। ਡਾਕ ਦਾ ਬਕਾਇਦਾ ਪ੍ਰਬੰਧ ਸੀ।

ਰਾਜਧਾਨੀ ਦਾ ਬਦਲ ਵੀ ਗਲਤ ਫੈਸਲਾ ਸੀ ਕਿਉਂਕਿ ਤਬਦੀਲੀ ਨੇ ਦਿੱਲੀ ਦੇ ਲੋਕਾਂ ਨੂੰ ਪ੍ਰੇਸ਼ਾਨ ਕੀਤਾ ਤੇ ਉਨ੍ਹਾਂ ਦਾ ਮਨ ਦੌਲਤਾਬਾਦ ਨਹੀਂ ਸੀ ਲਗਦਾ। ਸੁਲਤਾਨ ਨੇ ਪਰੇਸ਼ਾਨ ਲੋਕਾਂ ਨੂੰ ਵਾਪਸ ਦਿੱਲੀ ਆਉਣ ਦਾ ਹੁਕਮ ਤਾਂ ਦੇ ਦਿੱਤਾ ਪਰ ਉਹ ਨਾ ਪਹੁੰਚ ਸਕੇ ਕਿਉਂਕਿ 700 ਮੀਲ ਦਾ ਸਫਰ ਤਹਿ ਕਰਨਾ ਪੈਂਦਾ ਸੀ। 1334 ਈ. ਨੂੰ ਇਬਨ ਬਾਤੂਤਾ ਨੇ ਦਿੱਲੀ ਉਜਾੜ ਕੇ ਤਬਾਹੀ ਦੇ ਚਿੰਨ ਡਿੱਠੇ ਹਨ।

**ਦੌਲਤਾਮੰਦਾਂ ਦਾ ਸ਼ਹਿਜਾਦਾ :**

ਐਡਵਾਰਡ ਥਾਮਸ ਮੁਹੰਮਦ ਤੁਗਲਕ ਨੂੰ **ਦੌਲਤਮੰਦਾਂ ਦਾ ਸ਼ਹਿਜਾਦਾ** ਆਖਦਾ ਹੈ। ਕਿਉਂਕਿ ਉਸ ਨੇ ਇਕੋ ਸਿੱਕੇ ਨੂੰ ਫਿਰ ਤੋਂ ਤਿਆਰ ਕੀਤਾ। ਛੋਟੇ ਸਿੱਕੇ ਹੋਰ ਬਣੇ ਤੇ ਮੁੱਖ ਸਿੱਕੇ ਨੂੰ ਕੀਮਤੀ ਧਾਤਾਂ ਦੇ ਬਦਲੇ ਮੁੱਲ ਦੇ ਅਨੁਕੂਲ ਮੰਨਿਆ ਗਿਆ। ਸੋਨੇ ਦਾ ਇਕ ਨਵਾਂ ਸਿੱਕਾ ਚਲਿਆ ਜਿਸ ਦਾ ਵਜ਼ਨ ਚਾਂਦੀ ਦੇ 140 ਗ੍ਰੇਨ ਸੀ ਤੇ ਇਸ ਨੂੰ **ਅਦੇਲੀ** ਆਖਦੇ ਸਨ। ਫਲਸਰੂਪ ਸੋਨੇ ਤੇ ਚਾਂਦੀ ਦੇ ਮੁੱਲ ਡਿੱਗ ਪਏ। 1329–30 ਈ. ਨੂੰ ਸੁਲਤਾਨ ਨੇ ਤਾਂਬੇ ਦੇ ਸਿੱਕੇ ਸ਼ੁਰੂ ਕੀਤੇ। ਇਹ ਉਦਾਹਰਣ ਸੁਲਤਾਨ ਨੇ ਚੀਨ ਅਤੇ ਈਰਾਨ ਤੋਂ ਹਾਸਲ ਕੀਤੀ ਸੀ। ਇਸ ਸਿੱਕੇ ਦਾ ਮੁੱਲ ਸੋਨੇ ਤੇ ਚਾਂਦੀ ਦੇ ਮੁੱਲ ਦੇ ਬਰਾਬਰ ਸੀ। ਸੁਲਤਾਨ ਦੀ ਗਲਤੀ ਸੀ ਕਿ ਉਸਨੇ ਸਿੱਕੇ ਪੈਦਾ ਕਰਨ ਲਈ ਸਰਕਾਰੀ ਅਧਿਕਾਰ ਸਥਾਪਤ ਨਾ ਕੀਤਾ। ਵੱਡੀ ਗਿਣਤੀ 'ਚ ਜਾਅਲੀ ਸਿੱਕੇ ਨਿਕਲੇ ਤੇ ਹਥਿਆਰਬੰਦੀ ਕੀਤੀ ਤੇ ਸੁਨਿਆਰ ਅਮੀਰ ਹੋ ਗਏ। ਵਪਾਰ ਤੇ ਉਦਯੋਗ ਬਰਬਾਦ ਹੋ ਗਏ।

**ਹੋਰ ਜਿੱਤਣ ਦੀਆਂ ਸਕੀਮਾਂ :**

ਨਵੇਂ ਨਵੇਂ ਤਜਰਬੇ ਕਰਨਾ ਸੁਲਤਾਨ ਦਾ ਕਾਰਜ ਬਣ ਗਿਆ ਸੀ। 1337 ਈ. ਨੂੰ ਖਬਰ ਮਿਲੀ ਕਿ ਖੁਰਾਸਾਨ ਦਾ ਵਜੀਰ ਤੇ ਬਾਦਸ਼ਾਹ ਆਪਸ ਵਿਚ ਲੜ ਰਹੇ ਸਨ ਅਤੇ ਇਹ ਵੇਖ ਕੇ ਮੱਧ ਏਸ਼ੀਆ ਦਾ ਹੁਕਮਰਾਨ ਤਰਮਸ਼ਰੀਨ ਤੇ ਮਿਸ਼ਰ ਦਾ ਬਾਦਸ਼ਾਹ ਦੋਵੇਂ ਮਿਲ ਕੇ ਖੁਰਾਸਾਨ ਉੱਤੇ ਹਮਲੇ ਦੀ ਤਿਆਰੀ ਕਰ ਰਹੇ ਸਨ। ਮੁਹੰਮਦ ਤੁਗਲਕ ਨੇ ਵੀ 3,70,050 ਸੈਨਿਕਾਂ ਦੀ ਫੌਜ ਤਿਆਰ ਕੀਤੀ। ਇੰਝ ਇਕ ਸਾਲ

ਤੱਕ ਫੌਜ ਦਾ ਖਜ਼ਾਨੇ ਤੇ ਬੋਝ ਪਿਆ, ਨਾ ਤਾਰਮਸੀਰੀ ਤੇ ਨਾ ਮਿਸ਼ਰ ਬਾਦਸ਼ਾਹ ਲੜਿਆ। ਤੁਗਲਕ ਸੁਲਤਾਨ ਦੀ ਯੋਜਨਾ ਸਫਲ ਨਾ ਹੋਈ ਤੇ ਖਜ਼ਾਨਾ ਖਾਲੀ ਹੋ ਗਿਆ।

**ਕਰਾਂਚਲ ਵੱਲ :**

ਸੁਲਤਾਨ ਨੇ ਖੁਰਾਸਾਨ ਜਿੱਤ ਦਾ ਵਿਚਾਰ ਤਾਂ ਛੱਡ ਦਿੱਤਾ ਪਰ ਜਿੱਤਾਂ ਦੀ ਉਮੀਦ ਨਾ ਖਤਮ ਹੋਈ। ਨਗਰਕੋਟ (ਕਾਂਗੜਾ) ਜਿੱਤ ਕੇ ਉਸ ਨੇ ਰੁਹੇਲ ਖੰਡ ਜਾਂ ਕਰਾਂਚਲ ਤੇ ਹਮਲਾ ਕੀਤਾ। ਸ਼ਾਹੀ ਫੌਜ ਨੇ ਇਲਾਕਾ ਲੁੱਟਿਆ ਪਰ ਬਾਦਸ਼ਾਹ ਨੇ ਇਸ ਨੂੰ ਪ੍ਰੇਸ਼ਾਨ ਕੀਤਾ। ਸੈਨਾ ਵਿਚ ਬਿਮਾਰੀ ਫੈਲੀ ਤੇ ਵਾਪਸ ਆ ਰਹੀ ਫੌਜ ਤੇ ਕਰਾਂਚਲਾਂ ਹਮਲਾ ਕਰ ਦਿੱਤਾ। ਇਕ ਲੱਖ ਫੌਜ ਦੇ ਕੇਵਲ 10 ਸਿਪਾਹੀ ਦਿੱਲੀ ਪੁੱਜ ਸਕੇ।

**ਧਾਰਮਿਕ ਨੀਤੀ :**

ਤੁਗਲਕ ਦੀ ਧਾਰਮਿਕ ਨੀਤੀ ਦੇ ਹੇਠ ਲਿਖੇ ਗੁਣ ਤੇ ਔਗੁਣ ਸਨ :

1) ਸੁਤੰਤਰ ਵਿਚਾਰਾਂ ਕਾਰਨ ਸੁਲਤਾਨ ਕਾਫਰ ਸੀ। ਬਲਬਨ ਵਾਂਗ ਉਹ ਵੀ ਆਪਣੇ ਆਪ ਨੂੰ ਰੱਬ ਦਾ ਸਾਇਆ ਸਮਝਦਾ ਸੀ। ਫਰਿਸ਼ਤਾ ਉਸ ਦੀ ਪ੍ਰਸ਼ੰਸਾ ਕਰਦਾ ਹੈ।
2) ਗੈਰ-ਮੁਸਲਮਾਨਾਂ ਲਈ ਸੁਲਤਾਨ ਦੀ ਨੀਤੀ ਕਠੋਰ ਸੀ। ਹਿੰਦੂਆਂ ਪਾਸ ਵੀ ਉੱਚੇ ਅਹੁਦੇ ਸਨ। ਸਿੰਧ ਦਾ ਸੂਬੇਦਾਰ ਹਿੰਦੂ ਸੀ। ਸੁਲਤਾਨ ਖੁਲ੍ਹੇ ਦਿਲ ਵਾਲਾ ਮਨੁੱਖ ਸੀ।
3) ਸੁਲਤਾਨ ਨੇ ਸ਼ੁਰੂ ਵਿਚ ਖਲੀਫੇ ਦੀ ਪ੍ਰਵਾਹ ਨਹੀਂ ਸੀ ਕੀਤੀ। ਪਰ ਪਰਜਾ 'ਚ ਹਰਮਨਪਿਆਰਾ ਹੋਣ ਲਈ ਉਸ ਨੇ ਨੀਤੀ ਬਦਲ ਦਿੱਤੀ। 1340 ਈ. ਨੂੰ ਮਿਸ਼ਰ ਦੇ ਖਲੀਫੇ ਦਾ ਪ੍ਰਤੀਨਿਧ ਦਿੱਲੀ ਆਇਆ ਤੇ ਉਸ ਦਾ ਆਦਰ ਕੀਤਾ ਗਿਆ।

**ਸੁਲਤਾਨ ਵੱਲੋਂ ਬਗਾਵਤਾਂ ਦਾ ਅੰਤ :**

1326-27 ਈ. ਤੋਂ 1351 ਈ. ਤੱਕ ਸੁਲਤਾਨ ਨੇ ਹੇਠ ਲਿਖੀਆਂ ਬਗਾਵਤਾਂ ਦਾ ਅੰਤ ਕੀਤਾ :

1) ਬਹਾਉ-ਦੀਨ ਦੀ ਬਗਾਵਤ (1326-27 ਈ.)
2) ਕੋਂਢਲ ਸਰਦਾਰੀ ਦਾ ਅੰਤ (1328 ਈ.)
3) ਬੰਗਾਲ ਬਗਾਵਤ
4) ਕਿਸ਼ਲੂ ਖਾਨ ਦੀ ਬਗਾਵਤ
5) ਮਾਬਰ ਦੀ ਬਗਾਵਤ (1335-36 ਈ.)
6) ਅਵੱਧ ਦੀ ਬਗਾਵਤ (1340 ਈ.)
7) ਦੱਖਣੀ ਬਗਾਵਤਾਂ
8) ਗੁਜਰਾਤੀ ਬਗਾਵਤ (1351 ਈ.)

**ਮੰਗੋਲ ਤੇ ਰਾਜਪੂਤਾਂ ਵੱਲ ਨੀਤੀ :**

1) 1327 ਈ. 'ਚ ਮੰਗੋਲਾਂ ਨੇ ਤਰਸ਼ਰੀਨ ਅਧੀਨ ਹਮਲਾ ਕੀਤਾ ਤੇ ਦਿੱਲੀ ਪੁੱਜ ਗਏ। ਤੁਗਲਕ ਲੜਨ ਦੀ ਥਾਂ ਧੰਨ ਦੇ ਕੇ ਉਨ੍ਹਾਂ ਨੂੰ ਵਾਪਸ ਭੇਜਣ ਵਿਚ ਸਫਲ ਸੀ।
2) ਮੇਵਾੜ ਨਾਲ ਲੜਿਆ ਪਰੰਤੂ ਹਾਰ ਗਿਆ।

**ਮੁਹੰਮਦ ਤੁਗਲਕ ਦੀ ਦੇਣ ਜਾਂ ਅਸਫਲਤਾ ਦੇ ਕਾਰਣ :**

ਹੇਠ ਲਿਖੇ ਗੁਣਾਂ ਤੇ ਅਸਫਲਤਾਵਾਂ ਕਾਰਣ ਸੁਲਤਾਨ ਜਾਣਿਆ ਜਾਂਦਾ ਹੈ :

1) ਚਰਿੱਤਰ ਦਾ ਮਿਲਗੋਭਾ
2) ਅਸਫਲ ਯੋਜਨਾਵਾਂ
3) ਸਜਾਵਾਂ ਦੀ ਸਖਤੀ
4) ਸੁੱਖ ਸੁਲਤਾਨ ਦੇ
5) ਧਾਰਮਿਕ ਨੀਤੀ ਜਾਂ ਨਜ਼ਰੀਆ
6) ਯੋਗ ਸਲਾਹਕਾਰਾਂ ਦੀ ਘਾਟ
7) ਦੱਖਣ ਵੱਲ ਨੀਤੀ ਅਤੇ
8) ਪ੍ਰਦੇਸ਼ਕ ਬਗਾਵਤਾਂ

**ਪਾਠ 'ਚ ਆਏ ਤਕਨੀਕੀ ਸ਼ਬਦ :**

1) ਚਰਚਾ ਲਈ ਸੋਮੇ
2) ਖਰਾਜ
3) ਸਲਤਨਤ ਤੇ ਨਬੂਵਤ
4) ਅਜੀਜ
5) ਤਰਕ ਸ਼ਾਸਤਰ
6) ਵਹੀ
7) ਅਦੇਲੀ ਨਾਂ ਦਾ ਸਿੱਕਾ

**ਛੋਟੇ ਪ੍ਰਸ਼ਨ :**

1) ਮੁਹੰਮਦ ਤੁਗਲਕ ਦਾ ਪਿਛੋਕੜ ਦੱਸੋ।
2) ਮੁੱਖ ਤੁਗਲਕ ਜਿੱਤਾਂ ਦਾ ਵਰਨਣ ਕਰੋ।
3) ਮੁਹੰਮਤ ਤੁਗਲਕ ਦੀ ਲਗਾਨ ਨੀਤੀ ਬਿਆਨ ਕਰੋ।

**ਲੰਮੇ ਪ੍ਰਸ਼ਨ :**

1) ਸੁਲਤਾਨ ਤੁਗਲਕ ਵਲੋਂ ਦਬਾਈਆਂ ਬਗਾਵਤਾਂ ਦਾ ਵਰਨਣ ਕਰੋ।
2) ਸੁਲਤਾਨ ਤੁਗਲਕ ਦੀਆਂ ਯੋਜਨਾਵਾਂ ਕੀ ਸਨ ? ਆਲੋਚਨਾ ਕਰੋ।
3) ਤੁਗਲਕ ਦਾ ਆਚਰਣ ਤੇ ਦਿੱਤੀਆਂ ਗਈਆਂ ਸਹੂਲਤਾਂ ਦਾ ਵਰਨਣ ਕਰੋ।

**ਵਧੇਰੇ ਜਾਣਕਾਰੀ ਲਈ ਪੁਸਤਕਾਂ :**

1) ਸੁਰਿੰਦਰ ਸਿੰਘ, **ਮੱਧਕਾਲੀਨ ਭਾਰਤ ਦਾ ਇਤਿਹਾਸ,** ਪੰਨੇ 241-46
2) ਮਜੂਮਦਾਰ ਆਦਿ, **ਭਾਰਤ ਦਾ ਬ੍ਰਿਹਤ ਇਤਿਹਾਸ,** ਪੰਨੇ 38-45

**ਪਾਠ ਨੰ. 1.8** **ਲੇਖਕ : ਨਾਜ਼ਰ ਸਿੰਘ**

# ਫੀਰੋਜ਼ ਤੁਗਲਕ ਅਤੇ ਉਸ ਦੇ ਸੁਧਾਰ

**ਪਾਠ ਦੀ ਬਣਤਰ :**

**ਉਦੇਸ਼ (Objectives)**
**ਸੁਲਤਾਨ ਫੀਰੋਜ਼ ਦਾ ਪਿਛੋਕੜ (Introduction)**
**ਪਰੇਸ਼ਾਨੀਆਂ ਤੇ ਜਿੱਤਾਂ**
**ਸੁਧਾਰ - ਯਤਨ**
**ਰਾਜ ਪ੍ਰਬੰਧ**
**ਪਾਠ ਦੇ ਨੁਕਤੇ**
**ਤਕਨੀਕੀ ਸ਼ਬਦ**
**ਅਭਿਆਸ ਲਈ ਛੋਟੇ ਪ੍ਰਸ਼ਨ**
**ਲੰਮੇ ਪ੍ਰਸ਼ਨ**
**ਹੋਰ ਜਾਣਕਾਰੀ ਲਈ ਪੁਸਤਕਾਂ**

**ਉਦੇਸ਼ (Objectives) :**

(1) 1351 ਈ. ਤੋਂ ਪਹਿਲਾਂ ਫੀਰੋਜ਼ ਦੀ ਜਾਣਕਾਰੀ ਦਿੱਤੀ ਜਾਵੇਗੀ।

(2) ਸੁਲਤਾਨ ਫੀਰੋਜ਼ ਦੁਆਰਾ ਹੋਈਆਂ ਜਾਂ ਕੀਤੀਆਂ ਸੈਨਿਕ ਜਿੱਤਾਂ ਦਾ ਵਰਨਣ ਕਰਨਾ।

(3) ਸੁਲਤਾਨ ਵਲੋਂ ਮਹਿਕਮਾ ਮਾਲ ਅਤੇ ਸਿੰਚਾਈ ਪ੍ਰਬੰਧ ਨੂੰ ਸੁਧਾਰ ਲਈ ਚੁੱਕੇ ਕਦਮਾਂ ਤੇ ਰੋਸ਼ਨੀ ਪਾਈ ਜਾਵੇਗੀ।

(4) ਫੀਰੋਜ਼ ਦੀ ਸੈਨਿਕ ਤੇ ਧਾਰਮਿਕ ਨੀਤੀਆਂ ਦਾ ਹਵਾਲਾ ਦਿੱਤਾ ਜਾਵੇਗਾ। ਅੰਤ 'ਚ ਉਸ ਦੀਆਂ ਪ੍ਰਾਪਤੀਆਂ ਦਾ ਜਾਇਜ਼ਾ ਲਿਆ ਜਾਵੇਗਾ।

**ਫੀਰੋਜ਼ ਦਾ ਪਿਛੋਕੜ ਜਾਂ ਜਾਣ-ਪਛਾਣ :**

20 ਮਾਰਚ 1351 ਈ. ਨੂੰ ਠੱਟਾ ਦੇ ਨਜਦੀਕ ਮੁਹੰਮਦ ਤੁਗਲਕ ਦੀ ਮੌਤ ਦਾ ਕਾਰਨ ਬੁਖਾਰ ਬਣਿਆ। ਮੌਤ ਬਾਰੇ ਇਤਿਹਾਸਕਾਰ ਬਦੂਨੀ ਲਿਖਦਾ ਹੈ ਕਿ ਮੌਤ ਨਾਲ "ਬਾਦਸ਼ਾਹ ਨੇ ਆਪਣੀ ਪਰਜਾ ਤੋਂ ਖਲਾਸੀ ਪਾਈ ਅਤੇ ਪਰਜਾ ਨੇ ਬਾਦਸ਼ਾਹ ਤੋਂ।" 23 ਪ੍ਰਦੇਸ਼ਾਂ (ਪ੍ਰਾਂਤਾਂ) ਵਿਚ ਵੰਡਿਆ ਗਿਆ ਤੁਗਲਕ ਰਾਜ ਟੋਟੇ ਟੋਟੇ ਹੋ ਗਿਆ। ਸੁਲਤਾਨ ਦੀ ਕਠੋਰ ਨੀਤੀ ਇਸ ਪਤਨ ਲਈ ਜ਼ਿੰਮੇਵਾਰ ਸੀ।

ਆਗੂਹੀਣ ਤੁਗਲਕ ਫੌਜ ਸੁਲਤਾਨ ਦੀ ਮੌਤ ਤੋਂ ਬੇਹੱਦ ਚਿੰਤਾ ਕਰਦੀ ਸੀ - ਅਸਲ ਵਿਚ ਗੜਬੜੀ ਤੇ ਭੱਜ ਦੌੜ ਮਚ ਗਈ। ਭਾੜੇ ਤੇ ਰੱਖੇ ਗਏ ਮੰਗੋਲ ਅਫਸਰਸ਼ਾਹੀ ਸੈਨਿਕਾਂ ਨੂੰ ਹੋਰ ਪਰੇਸ਼ਾਨ ਕਰਦੇ ਸਨ ਤੇ ਲੁੱਟ ਵੀ ਮਚਦੀ ਸੀ। ਨਵੇਂ ਜਾਂ ਫੀਰੋਜ਼ ਸੁਲਤਾਨ ਨੂੰ ਸਰਦਾਰਾਂ ਨੇ ਫੌਜ ਸੰਭਾਲਣ ਦੀ

ਬੇਨਤੀ ਕੀਤੀ। ਜਦੋਂ ਸੁਲਤਾਨ ਸਿੰਧ ਛੱਡ ਕੇ ਦਿੱਲੀ ਵੱਲ ਮੁੜ ਰਿਹਾ ਸੀ ਤਾਂ ਖਵਾਜਾ ਜਹਾਂ ਨੇ ਦਿੱਲੀ ਦੀ ਗੱਦੀ ਉੱਪਰ ਮਰ ਚੁੱਕੇ ਸੁਲਤਾਨ ਦੇ ਪੁੱਤਰ ਨੂੰ ਬਿਠਾ ਦਿੱਤਾ। ਇਹ ਨਿਯੁਕਤੀ ਕਾਜੀਆਂ ਨੂੰ ਮਨਜ਼ੂਰ ਨਹੀਂ ਸੀ ਕਿਉਂਕਿ ਨਵਾਂ ਬਣਿਆ ਸੁਲਤਾਨ ਤਾਂ ਨਾਬਾਲਿਗ ਸੀ। ਫੀਰੋਜ਼ ਨੇ ਉਸ ਨੂੰ ਮੁਆਫ ਕਰ ਸੁਨਾਮ ਤੇ ਮਾਨਸਾ ਦਾ ਜਗੀਰਦਾਰ ਮੰਨ ਲਿਆ। ਪਰ ਸੁਨਾਮ ਦੇ ਸੈਨਾਪਤੀ ਸ਼ੇਰ ਖਾਨ ਨੇ ਜਗੀਰਦਾਰ ਨੂੰ ਰਸਤੇ ਵਿਚ ਕਤਲ ਕਰ ਦਿੱਤਾ।

**ਫੀਰੋਜ਼ ਦੀਆਂ ਹੋਰ ਪਰੇਸ਼ਾਨੀਆਂ :**

ਫੀਰੋਜ਼ ਨੂੰ ਇਕ ਹੋਰ ਵੱਡੀ ਸਮੱਸਿਆ ਦਾ ਸਾਹਮਣਾ ਕਰਨਾ ਪਿਆ। ਇਹ ਸਮੱਸਿਆ ਸੀ ਦਿੱਲੀ ਸਲਤਨਤ ਨੂੰ ਸ਼ਕਤੀਹੀਣਤਾ ਅਤੇ ਭ੍ਰਿਸ਼ਟਾਚਾਰ ਤੋਂ ਮੁਕਤ ਕਿਵੇਂ ਕੀਤਾ ਜਾਵੇ ? ਇਤਿਹਾਸਕਾਰ ਟਾਮਸ ਨੇ ਉਸ ਦੇ ਹੇਠ ਲਿਖੇ ਔਗੁਣ ਦੱਸੇ ਹਨ

(1) ਸੁਲਤਾਨ ਵਿਚ ਜਰਨੈਲ ਵਾਲੇ ਫੌਜੀ ਗੁਣ ਨਹੀਂ ਸਨ ਕਿਉਂਕਿ ਉਸ ਨੇ ਖੁਸ ਗਏ ਪ੍ਰਾਂਤਾਂ ਨੂੰ ਕਦੇ ਵੀ ਫਿਰ ਜਿੱਤ ਲੈਣ ਦੀ ਕੋਸ਼ਿਸ਼ ਨਾ ਕੀਤੀ। ਜਿੱਤਣ ਸਮੇਂ ਉਹ ਆਪਣੇ ਧਰਮ ਦੇ ਸੈਨਿਕਾਂ ਨੂੰ ਖੂਨ-ਖਰਾਬੇ ਵਿਚ ਨਹੀਂ ਪੈਣ ਦਿੰਦਾ ਤੇ ਵਾਪਸ ਆ ਜਾਂਦਾ ਸੀ।

(2) ਟਾਮਸ ਲਿਖਦਾ ਹੈ ਕਿ ਫੀਰੋਜ਼ ਦਾ ਬੰਗਾਲ ਦੇ ਦੋਵੇਂ ਹਮਲਿਆਂ ਸਮੇਂ ਤੇ ਫਿਰ ਠੱਟਾ ਦੀ ਅੰਤਿਮ ਵਿਜੈ ਵੇਲੇ ਅਗਵਾਈ ਜਾਂ ਲੀਡਰਸ਼ਿੱਪ ਦਾ ਢੰਗ ਬਹੁਤ ਨੀਵੇਂ ਦਰਜੇ ਦਾ ਸੀ।

(3) ਫੀਰੋਜ਼ ਧੋਖੇ ਦਾ ਸ਼ਿਕਾਰ ਹੋ ਜਾਂਦਾ ਸੀ ਜਿਵੇਂ ਕਿ ਰੇਗਿਸਤਾਨ ਤੇ ਜਾਜ ਨਗਰ ਦੇ ਰਾਹਾਂ ਤੇ ਚਲਦਿਆਂ ਉਹ ਛਲਿਆ ਗਿਆ ਸੀ।

**ਬੰਗਾਲ ਤੇ ਫੀਰੋਜ਼ (1352-1360 ਈ.) :**

ਹਾਜੀ ਅਲਿਆਸ ਨੇ ਬੰਗਾਲ ਦਾ ਹੁਕਮਰਾਨ ਬਣ ਕੇ ਅਜਾਦੀ ਦਾ ਐਲਾਨ ਕਰ ਦਿੱਤਾ ਸੀ। ਸੁਲਤਾਨ ਫੀਰੋਜ਼ ਨੇ 1353 ਈ. ਨੂੰ ਬੰਗਾਲ ਉੱਪਰ ਹਮਲਾ ਕਰ ਦਿੱਤਾ। ਅਲਿਆਸ ਨੇ ਇਕਦਾਲਾ (Iqdala) ਦੇ ਕਿਲ੍ਹੇ ਅੰਦਰ ਪਨਾਹ ਲੈ ਰੱਖੀ ਸੀ ਤੇ ਉਸ ਨੇ ਸਖਤ ਮੁਕਾਬਲਾ ਕਰਕੇ ਸੁਲਤਾਨ ਵਾਪਸ ਦਿੱਲੀ ਮੋੜ ਦਿੱਤਾ।

1357 ਈ. ਨੂੰ ਅਲਿਆਸ ਦਾ ਪੁੱਤਰ ਸਿਕੰਦਰ ਬੰਗਾਲ ਦਾ ਹਾਕਮ ਬਣਿਆ। ਉਹ ਜਾਲਮ ਤੇ ਅਤਿਆਚਾਰੀ ਸੀ। ਫੀਰੋਜ਼ ਨੇ ਫਿਰ ਬੰਗਾਲ ਉੱਪਰ ਹਮਲਾ ਕਰ ਦਿੱਤਾ। ਮੁਕਾਬਲੇ ਵਿਚ ਸੁਲਤਾਨ ਫਿਰ ਜਿੱਤ ਲਈ ਨਾ ਲੜਿਆ ਤੇ ਬੰਗਾਲ ਜਿੱਤ ਦਾ ਖਿਆਲ ਹੀ ਛੱਡ ਦਿੱਤਾ। ਇਹ ਫੀਰੋਜ਼ ਦੀ ਅਯੋਗਤਾ ਦਾ ਸਬੂਤ ਸੀ।

**ਉੜੀਸਾ ਦੇ ਜਾਜ ਨਗਰ ਤੇ ਹਮਲਾ :**

ਬੰਗਾਲ ਤੋਂ ਵਾਪਸ ਆ ਰਹੇ ਫੀਰੋਜ਼ ਨੇ ਜਾਜ ਨਗਰ, ਜਿਸ ਦਾ ਰਾਜਾ ਬ੍ਰਾਹਮਣ ਸੀ, ਜਿੱਤਣ ਦਾ ਫੈਸਲਾ ਕੀਤਾ। ਰਾਜਾ ਨੱਸ ਗਿਆ ਤੇ ਸ਼ਾਹੀ ਸੈਨਾ ਨੇ ਸ਼ਹਿਰ ਲੁੱਟਿਆ ਤੇ ਫਿਰ ਜਗਨ ਨਾਥ ਪੁਰੀ ਦਾ ਮੰਦਰ ਤਬਾਹ ਕਰ ਦਿੱਤਾ। ਰਾਜੇ ਨੇ ਸੰਧੀ ਰਾਹੀਂ ਕੁਝ ਹਾਥੀ ਸੁਲਤਾਨ ਨੂੰ ਭੇਟ ਕੀਤੇ ਅਤੇ ਉਹ ਢਾਈ

ਸਾਲ ਪੂਰਬ ਵਿਚ ਬਿਤਾ ਕੇ ਵਾਪਸ ਦਿੱਲੀ ਵੱਲ ਆ ਗਿਆ। ਵਾਪਸੀ ਸਮੇਂ ਰਸਤੇ ਵਿਚ ਆਉਂਦੇ ਛੋਟਾ ਨਾਗਪੁਰ ਰਾਜ ਨੂੰ ਫੀਰੋਜ਼ ਨੇ ਜਿੱਤ ਲਿਆ।

**ਕਾਂਗੜਾ ਤੇ ਹਮਲਾ (1362 ਈ.) :**

ਫੀਰੋਜ਼ ਤੁਅਸਬੀ ਹੁਕਮਰਾਨ ਸੀ। ਉਸਨੇ ਨਗਰਕੋਟ ਜਾਂ ਕਾਂਗੜਾ ਦੇ ਮੰਦਰ ਉਪਰ 1361 ਈ. ਨੂੰ ਹਮਲਾ ਕਰ ਦਿੱਤਾ। ਛੇ ਮਹੀਨੇ ਦੇ ਘੇਰੇ ਬਾਅਦ ਨਗਰਕੋਟ ਦੇ ਰਾਜੇ ਨੇ ਹਥਿਆਰ ਸੁੱਟ ਦਿੱਤੇ ਤੇ ਸੰਧੀ ਕਰ ਲਈ। ਫੀਰੋਜ਼ ਨੇ ਉਸ ਨੂੰ ਕਾਂਗੜਾ ਮੋੜ ਦਿੱਤਾ। ਪਰ 3000 ਸੰਸਕ੍ਰਿਤ ਪੁਸਤਕਾਂ ਸੁਲਤਾਨ ਦੇ ਹੱਥ ਲੱਗੀਆਂ। ਹਮਲੇ ਸਮੇਂ ਜਵਾਲਾ ਮੁਖੀ ਦਾ ਮੰਦਰ ਤੇ ਹੋਰ ਮੰਦਰ ਵੀ ਨਸ਼ਟ ਹੋ ਗਏ।

**ਸਿੰਧ ਉੱਪਰ ਹਮਲਾ :–**

ਫੀਰੋਜ਼ ਸਿੰਧ ਤੋਂ ਮੁਹੰਮਦ ਤੁਗਲਕ ਦੀ ਮੌਤ ਦਾ ਬਦਲਾ ਲੈਣਾ ਚਾਹੁੰਦਾ ਸੀ। 90,000 ਘੋੜ ਸਵਾਰ ਤੇ 500 ਹਾਥੀ ਵਾਲੀ ਸੈਨਾ ਨਾਲ ਉਸ ਨੇ 1371 ਈ. ਨੂੰ ਸਿੰਧ ਉੱਤੇ ਹਮਲਾ ਕੀਤਾ। ਚੜ੍ਹਾਈ ਥੱਟਾ ਉਪਰ ਕੀਤੀ ਗਈ। ਮੁਕਾਬਲਾ ਹੋਇਆ ਪਰ ਸ਼ਾਹੀ ਸੈਨਾ ਇਕ ਮਹਾਂਮਾਰੀ ਦੀ ਸ਼ਿਕਾਰ ਹੋ ਗਈ। ਇਸ ਦਾ 3/4 ਹਿੱਸਾ ਬਿਮਾਰੀ ਨਾਲ ਹੀ ਮਰ ਗਿਆ। ਹੋਰ ਫੌਜ ਲਈ ਸੁਲਤਾਨ ਗੁਜਰਾਤ ਵੱਲ ਗਿਆ ਪਰ ਉਸ ਨੂੰ ਗਲਤ ਰਸਤੇ ਪਾ ਦਿੱਤਾ ਗਿਆ। ਫੀਰੋਜ਼ 6 ਮਹੀਨੇ ਮੁਸੀਬਤ ਵਿਚ ਫਸਿਆ ਰਿਹਾ ਪਰ ਖਾਨ ਜਹਾਂ ਨੇ ਕੁਮਕ (Reinforcement) ਭੇਜ ਦਿੱਤੀ ਅਤੇ ਸੁਲਤਾਨ ਸਿੰਧ ਜਿੱਤਣ ਵਿਚ ਸਫਲ ਹੋ ਗਿਆ। 1372 ਈ. ਤੋਂ ਸਿੰਧ ਨੇ ਮੰਨ ਲਿਆ ਕਿ ਇਹ ਸੁਲਤਾਨ ਨੂੰ ਹਰ ਸਾਲ 7 ਲੱਖ ਟੰਕਾ ਭੇਟ ਕਰੇਗਾ।

**ਮਾਲ ਸੁਧਾਰ :**

ਭੂਮੀ ਪ੍ਰਬੰਧ ਦੀ ਹਾਲਤ ਚੰਗੀ ਨਾ ਹੋਣ ਕਰਕੇ ਸੁਲਤਾਨ ਨੇ ਇਸ ਨੂੰ ਸੁਧਾਰਨ ਦਾ ਯਤਨ ਕੀਤਾ। ਉਹ ਕਿਸਾਨ ਜਿਨ੍ਹਾਂ ਨੇ ਮੁਹੰਮਦ ਤੁਗਲਕ ਸਮੇਂ ਕਰਜ਼ੇ ਲਏ ਸਨ ਉਨ੍ਹਾਂ ਦੇ ਕਰਜ਼ੇ ਮੁਆਫ ਕਰ ਦਿੱਤੇ ਗਏ। ਮਾਲੀਏ ਦੀ ਦਰ ਵੀ ਘਟਾ ਦਿੱਤੀ ਗਈ। ਤੀਸਰਾ ਸੁਧਾਰ ਸੀ ਕਿ ਹੋਰ ਭੂਮੀ ਜਾਂ ਜ਼ਮੀਨ ਸਿੰਚਾਈ ਰਾਹੀਂ ਖੇਤੀ ਥੱਲੇ ਲਿਆਂਦੀ ਗਈ। ਇਸ ਤਰ੍ਹਾਂ ਖੇਤੀ ਉਪਜ ਵਿਚ ਵਾਧਾ ਹੋ ਗਿਆ। ਸਿੰਚਾਈ ਅਧੀਨ ਆਏ ਕਿਸਾਨਾਂ ਤੋਂ ਫਸਲ ਦਾ 1/10 ਹਿੱਸਾ ਮਾਲੀਏ ਵਜੋਂ ਵਸੂਲ ਹੁੰਦਾ ਸੀ। ਫੀਰੋਜ਼ ਗਲਤੀ ਨਾਲ ਅਲਾਉਦੀਨ ਸਮੇਂ ਖਤਮ ਕੀਤੀ ਜਗੀਰਦਾਰੀ ਪ੍ਰਥਾ ਨੂੰ ਫਿਰ ਚਾਲੂ ਕਰ ਗਿਆ। ਫਿਰ ਵੀ ਕਿਸਾਨ ਖੁਸ਼ਹਾਲ ਹੋ ਗਏ।

ਸਿੰਚਾਈ ਦੇ ਪ੍ਰਬੰਧ ਵਿਚ ਸੁਲਤਾਨ ਨੇ ਪੰਜ ਨਹਿਰਾਂ ਦਾ ਨਿਰਮਾਣ ਕਰਵਾਇਆ, 150 ਖੂਹ ਲਗਵਾਏ ਅਤੇ 30 ਖੂਹ ਪਟਵਾਏ। ਸਭ ਤੋਂ ਵੱਡੀ ਨਹਿਰ 150 ਮੀਲ ਲੰਬੀ ਸੀ। ਜਮਨਾ ਦਰਿਆ ਤੋਂ ਇਸ ਨਹਿਰ ਦਾ ਪਾਣੀ ਹਿਸਾਰ ਤੱਕ ਆਉਂਦਾ ਸੀ। ਦੂਸਰੀ ਨਹਿਰ 96 ਮੀਲ ਲੰਬੀ ਸੀ ਤੇ ਪਾਣੀ ਮੁਲਤਾਨ ਤੋਂ ਆਗਰੇ ਆਉਂਦਾ ਸੀ। ਤੀਸਰੀ ਨਹਿਰ ਸਿਰਮੂਰ ਤੋਂ ਹਾਂਸੀ ਤੱਕ ਆਉਂਦੀ ਸੀ। ਚੌਥੀ ਨਹਿਰ ਆਗਰਾ ਤੋਂ ਫੀਰੋਜ਼ਾਬਾਦ ਤੱਕ ਅਤੇ ਪੰਜਵੀਂ ਜਮਨਾ ਤੋਂ ਫੀਰੋਜ਼ਾਬਾਦ ਤੱਕ ਸੀ। ਨਹਿਰੀ ਪਾਣੀ ਨਾਲ ਕਣਕ ਤੇ ਗੰਨਾ ਵੱਧ ਹੋਣ ਲੱਗੇ।

**ਵਿੱਤ ਪ੍ਰਬੰਧ :**

ਸੁਲਤਾਨ ਨੇ ਖਿਰਾਜ, ਅਸਰਤਰਕਕ, ਖਮਸ, ਜ਼ਜ਼ੀਆ ਤੇ ਜਕਾਤ ਛੱਡ ਕੇ ਬਾਕੀ ਸਾਰੇ ਟੈਕਸ ਹਟਾ ਦਿੱਤੇ। ਹਟਾਏ ਟੈਕਸਾਂ ਦੀ ਗਿਣਤੀ 26 ਸੀ। ਇਨ੍ਹਾਂ ਵਿਚ ਡੰਗਰ ਚਿਰਾਈ ਤੇ ਹਾਊਸ ਟੈਕਸ ਸ਼ਾਮਲ

ਸਨ। ਖਰਾਜ ਗੈਰ ਮੁਸਲਮਾਨਾਂ ਤੋਂ ਲਿਆ ਜਾਂਦਾ ਸੀ। ਇਹ ਉਪਜ ਦਾ 1/5 ਤੋਂ 1/12 ਤੱਕ ਹਿੱਸਾ ਸੀ ਜਦ ਕਿ ਮੁਸਲਮਾਨ ਕਿਸਾਨ ਕੇਵਲ 1/10 ਹਿੱਸਾ ਫਸਲ ਦਿੰਦੇ ਸਨ। ਗੈਰ-ਮੁਸਲਮਾਨ ਜ਼ਜ਼ੀਆ ਟੈਕਸ ਵੀ ਭਰਦੇ ਸਨ। ਇਹ ਪੈਸਾ ਮੁਸਲਮਾਨ ਧਾਰਮਿਕ ਕਾਰਜਾਂ ਲਈ ਵਰਤਦੇ ਸਨ। ਟੈਕਸ ਹਟਣ ਕਾਰਨ ਸਰਕਾਰੀ ਖਜ਼ਾਨੇ ਨੂੰ ਘਾਟਾ ਪਿਆ ਤੇ ਫਿਰ ਸਿੰਚਾਈ ਦੇ ਪਾਣੀ ਉੱਪਰ ਟੈਕਸ ਲਾ ਦਿੱਤਾ ਗਿਆ। ਖੇਤੀ ਵਿਚ ਉਨਤੀ ਕਾਰਨ ਵਪਾਰ ਪ੍ਰਫੁੱਲਤ ਹੋਇਆ।

**ਨਿਆਂ ਪ੍ਰਬੰਧ :**

ਸਰਾਂ ਜਾਂ ਧਰਮ ਤੋਂ ਵੱਖ ਸਭ ਸਜਾਵਾਂ ਫੀਰੋਜ਼ ਨੇ ਬੰਦ ਕਰ ਦਿੱਤੀਆਂ, ਭਾਵੇਂ ਕਿ ਗੈਰ-ਮੁਸਲਮਾਨਾਂ ਨੂੰ ਬਹੁਤ ਫਾਇਦਾ ਨਹੀਂ ਸੀ ਹੋਇਆ।

**ਸੈਨਿਕ ਸੁਧਾਰ :**

ਫੀਰੋਜ਼ ਨੇ ਸਥਾਈ ਸੈਨਾ ਖਤਮ ਕਰਕੇ ਜਗੀਰਦਾਰੀ ਪ੍ਰਥਾ ਚਾਲੂ ਕੀਤੀ। ਸੈਨਿਕ ਘੋੜਿਆਂ ਦੀ ਪੜਤਾਲ ਸ਼ੁਰੂ ਹੋਈ। ਸੈਨਿਕ ਅਫਸਰ ਘੋੜੇ ਪਾਸ ਕਰਨ ਵਾਸਤੇ ਪੈਸੇ ਲੈਣ ਲੱਗੇ ਤਾਂ ਕੁਰੱਪਸ਼ਨ ਵਧ ਗਈ। ਤਨਖਾਹ ਦੇ ਬਦਲੇ ਸੈਨਿਕ ਨੂੰ ਮਾਲੀਆ ਰਹਿਤ ਜ਼ਮੀਨ ਦਿੱਤੀ ਜਾਂਦੀ ਸੀ। ਸੈਨਿਕ ਅਹੁਦੇਦਾਰੀ ਵੀ ਇਕ ਪਰਿਵਾਰਕ ਪੈਸਾ ਬਣ ਗਿਆ।

**ਲੋਕ ਭਲਾਈ ਜਾਂ ਪਰਉਪਕਾਰੀ ਕਾਰਜ :**

ਫੀਰੋਜ਼ ਨੇ ਲੋਕ ਭਲਾਈ ਲਈ ਫੀਰੋਜ਼ਾਬਾਦ, ਫਤਿਹਾਬਾਦ, ਹਿਸਾਰ ਅਤੇ ਜੌਨਪੁਰ ਵਰਗੇ ਸ਼ਹਿਰਾਂ ਦਾ ਨਿਰਮਾਣ ਕਰਵਾਇਆ। ਹੋਰ 30 ਸਕੂਲ, 40 ਮਸੀਤਾਂ 50 ਮਹਿਲ, 100 ਸਰਾਵਾਂ, 100 ਇਸ਼ਨਾਨ ਘਰ, 150 ਪੁਲਾਂ ਅਤੇ 10 ਸਤੰਭਾਂ (Pillars) ਦਾ ਨਿਰਮਾਣ ਕਰਵਾਇਆ।

ਪਰਉਪਕਾਰੀ ਹੋਣ ਕਰਕੇ ਫੀਰੋਜ਼ ਨੇ ਅਨਾਥਾਂ, ਬੇਕਾਰਾਂ ਅਤੇ ਨਿਰਧਨਾਂ ਦੀ ਸਹਾਇਤਾ ਲਈ ਪ੍ਰਬੰਧ ਕੀਤੇ। ਸਰਕਾਰ ਦੀ **ਦੀਵਾਨ-ਏ-ਖੈਰਾਤ** ਮਹਿਕਮਾ ਵਿਧਵਾ ਔਰਤਾਂ ਤੇ ਨਿਰਧਨਾਂ ਦੀ ਮਦਦ ਕਰਦਾ ਸੀ। **ਦਾਰਲ ਸਠਾ** ਨਾਮ ਦਾ ਵੱਡਾ ਹਸਪਤਾਲ ਦਿੱਲੀ ਵਿਚ ਖੋਲਿਆ ਗਿਆ। ਇਥੇ ਦਵਾਈ ਮੁਫਤ ਹੁੰਦੀ ਸੀ।

ਗੁਲਾਮਾਂ ਦੀ ਵੱਡੀ ਗਿਣਤੀ ਹੋਣ ਕਰਕੇ ਦਾਸਾਂ ਲਈ ਵੱਖਰਾ ਵਿਭਾਗ ਖੋਲ੍ਹ ਦਿੱਤਾ ਗਿਆ ਸੀ। ਦਾਸ ਪ੍ਰਥਾ ਨੇ ਸ਼ਾਹੀ ਮਹਿਲਾਂ 'ਚ ਚੁਗਲੀਆਂ ਦਾ ਕਾਰਜ ਕਰਕੇ ਧੜੇਬੰਦੀ ਨੂੰ ਜਨਮ ਦਿੱਤਾ। ਦਿੱਲੀ ਰਾਜ ਦੇ ਪਤਨ ਕਾਰਨਾਂ ਵਿਚ ਦਾਸ ਪ੍ਰਥਾ ਦੀ ਨੀਤੀ ਵੀ ਜ਼ਿੰਮੇਵਾਰ ਸੀ।

ਵਿਦਿਆ ਦੀ ਉਨਤੀ ਵੀ ਫੀਰੋਜ਼ ਨੇ ਕਰਵਾਈ ਸੀ। 16 ਲੱਖ **ਟੰਕੇ** ਕੁਰਾਨ ਦੇ ਵਿਦਵਾਨਾਂ ਤੇ ਪਾਠ ਕਰਨ ਵਾਲਿਆਂ ਨੂੰ ਦਿੱਤੇ ਜਾਂਦੇ ਸਨ।

**ਧਾਰਮਿਕ ਨੀਤੀ :**

ਫੀਰੋਜ਼ ਆਪ ਇਕ ਰਾਜਪੂਤ ਔਰਤ ਦਾ ਪੁੱਤਰ ਸੀ। ਪਰ ਉਹ ਇਸਲਾਮ ਦਾ ਵੱਡਾ ਸਮਰਥਕ ਸੀ। ਧਾਰਮਿਕ ਰਾਜ ਹੋਣ ਕਰਕੇ ਮੁਸਲਮਾਨ ਲਈ ਖਾਸ ਰਿਆਇਤਾਂ ਸਨ। ਮੌਲਵੀਆਂ ਦਾ ਸਰਕਾਰ ਵਿਚ ਵੱਡਾ ਸਥਾਨ ਸੀ। ਫੀਰੋਜ਼ ਨੇ ਬ੍ਰਾਹਮਣਾਂ ਉੱਪਰ ਜ਼ਜ਼ੀਆ ਲਾ ਦਿੱਤਾ ਸੀ। ਬ੍ਰਾਹਮਣਾਂ ਇਤਰਾਜ ਕੀਤਾ, ਪਰ ਜ਼ਜ਼ੀਆ ਨਾ ਹਟਾਇਆ ਗਿਆ।

ਸੁਧਾਰਾਂ ਨੇ ਫੀਰੋਜ਼ ਨੂੰ ਕਾਫੀ ਕਮਜ਼ੋਰ ਬਣਾ ਦਿੱਤਾ ਸੀ ਅਤੇ ਉਸ ਦਾ ਰਾਜ ਆਰਥਿਕ ਮੁਸ਼ਕਲਾਂ ਵਿਚ ਫਸਿਆ ਰਿਹਾ ਸੀ। ਜਗੀਰਦਾਰੀ ਪ੍ਰਥਾ ਸੈਨਾ ਅਤੇ ਸਰਕਾਰ ਲਈ ਮਾਰੂ ਸਿੱਧ ਹੋਈ।

**ਪਾਠ 'ਚ ਆਏ ਤਕਨੀਕੀ ਸ਼ਬਦ :**

ਮਹਿਕਮਾ ਮਾਲ
ਖਲਾਸੀ (Release)
ਨਾ–ਬਾਲਿਗ
ਮਹਾਂ–ਮਾਰੀ
ਕੁਮਕ (Reinforcement)
ਟੰਕਾ
ਜਗੀਰਦਾਰੀ ਪ੍ਰਥਾ
ਖਿਰਾਜ
ਜ਼ਜ਼ੀਆ
ਮਾਲੀਆ ਰਹਿਤ ਭੂਮੀ ਜਾਂ ਜ਼ਮੀਨ

**ਛੋਟੇ ਪ੍ਰਸ਼ਨ – ਅਭਿਆਸ ਲਈ :**

1) ਫੀਰੋਜ਼ ਤੁਗਲਕ ਦਾ ਪਿਛੋਕੜ ਦੱਸੋ।
2) ਫੀਰੋਜ਼ ਬੰਗਾਲ ਨੂੰ ਕਿਉਂ ਨਹੀਂ ਸੀ ਜਿੱਤ ਸਕਿਆ ? ਹਮਲਿਆਂ ਦਾ ਵਰਨਣ ਕਰੋ।
3) ਸੁਲਤਾਨ ਦੇ ਮਾਲੀਏ ਤੇ ਵਿਦਿਆ ਸੁਧਾਰਾਂ ਦੀ ਵਿਆਖਿਆ ਕਰੋ।

**ਹੋਰ ਜਾਣਕਾਰੀ ਲਈ ਪੁਸਤਕਾਂ :**

1) ਮਜੂਮਦਾਰ ਆਦਿ, **ਭਾਰਤ ਦਾ ਬ੍ਰਿਹਤ ਇਤਿਹਾਸ,** ਪੰਨੇ 49–56
2) ਸੁਰਿੰਦਰ ਸਿੰਘ, **ਮੱਧਕਾਲੀਨ ਭਾਰਤ ਦਾ ਇਤਿਹਾਸ (1997)**, ਪੰਨੇ 319–323

**ਪਾਠ ਨੰ. 1.9** **ਲੇਖਕ : ਨਾਜ਼ਰ ਸਿੰਘ**

# ਵਿਜੈ ਨਗਰ ਸਾਮਰਾਜ ਦਾ ਉਭਾਰ : ਰਾਜ ਪ੍ਰਬੰਧ ਅਤੇ ਪਤਨ ਦੇ ਕਾਰਣ

ਦਿੱਲੀ ਵਿਚ ਤੁਗਲਕ ਰਾਜ ਸਮੇਂ, ਦੱਖਣ ਵਿੱਚ ਇਕ ਸ਼ਕਤੀਸ਼ਾਲੀ ਹਿੰਦੂ ਕੇਂਦਰ ਸਥਾਪਿਤ ਹੋਇਆ। ਇਹ ਵਿਜੈਨਗਰ ਸਾਮਰਾਜ ਸੀ। ਵਿਜੈ ਨਗਰ ਦੇ ਸ਼ਹਿਰ ਅਤੇ ਸਾਮਰਾਜ ਦੀ ਸਥਾਪਨਾ ਸੰਬੰਧੀ ਬਹੁਤ ਸਾਰੇ ਸਿਧਾਂਤ ਮਿਲਦੇ ਹਨ। ਵਿਜੈ ਨਗਰ ਸ਼ਹਿਰ ਦਰਿਆ ਤੁੰਗਭਦਰਾ ਦੇ ਦੱਖਣੀ ਕੰਢੇ ਉਪਰ ਸੀ। ਇਸ ਦੇ ਮੂਹਰੇ ਦਰਿਆ ਸੀ ਅਤੇ ਦੂਜੇ ਪਾਸੇ ਅਣਗੁੰਦੀ ਦਾ ਕਿਲ੍ਹਾ ਸੀ। ਇਕ ਰਵਾਇਤ ਜਾਂ ਪ੍ਰੰਪਰਾ ਅਨੁਸਾਰ ਵਿਜੈ ਨਗਰ ਦੇ ਬਾਨੀ ਸੰਗਮ ਘਰਾਣੇ ਦੇ ਹਰੀ ਹਰ ਅਤੇ ਬੁੱਕਾ ਰਾਏ ਦੇ ਪੁੱਤਰ ਸਨ। ਇਹ ਪੁੱਤਰ ਵਾਰੰਗਲ ਦੇ ਰਾਜੇ ਰੂਦਣ ਦੇਵ ਦੀ ਨੌਕਰੀ ਕਰਦੇ ਸਨ। 1332 ਈ. ਨੂੰ ਜਦੋਂ ਮੁਹੰਮਦ ਤੁਗਲਕ ਨੇ ਵਾਰੰਗਲ ਉਤੇ ਹਮਲਾ ਕੀਤਾ ਤਾਂ ਹਰੀ ਹਰ ਅਤੇ ਬੁੱਕਾ ਦੋਂਵੇ ਹੀ ਅਣਗੁੰਤੀ ਦੇ ਸ਼ਾਸਕ ਪਾਸ ਨੌਕਰੀ ਲਈ ਚਲੇ ਗਏ। ਉਨ੍ਹਾਂ ਨੌਕਰੀ ਕੀਤੀ ਅਤੇ ਅਣਗੁੰਤੀ ਦੇ ਸ਼ਹਿਰ ਨੂੰ ਵਿਸ਼ਾਲ ਬਣਾਇਆ। ਉਸ ਸਮੇਂ ਅਣਗੁੰਤੀ ਵਿੱਚ ਹੁਸਿਆਲਾ ਵੰਸ਼ ਦੇ ਵੀਰ ਬਲਾਲ ਤੀਸਰੇ ਦਾ ਰਾਜ ਸੀ। ਉਥੇ ਉਨ੍ਹਾਂ ਨੇ ਆਪਣੇ ਵਿਦਿਆ ਨਾਮੀ ਗੁਰੂ ਦੀ ਯਾਦ ਵਿੱਚ ਵਿਜੈ ਨਗਰ ਸ਼ਹਿਰ ਦੀ ਸਥਾਪਨਾ ਕੀਤੀ। ਦੂਸਰੀ ਰਵਾਇਤ ਅਨੁਸਾਰ ਹਰੀ ਹਰ ਅਤੇ ਬੁੱਕਾ ਨੇ ਵਾਰੰਗਲਾ ਤੋਂ ਬਾਅਦ ਕੰਪੀਲੀ ਵਿਚ ਨੌਕਰੀ ਕੀਤੀ। ਜਦੋਂ ਮੁਹੰਮਦ ਤੁਗਲਕ ਨੇ ਕੰਪੀਲੀ ਉਤੇ ਹਮਲਾ ਕੀਤਾ ਤਾਂ ਦੋਵਾਂ ਭਰਾਵਾਂ ਨੂੰ ਬੰਦੀ ਬਣਾ ਕੇ ਦਿੱਲੀ ਲਜਾਇਆ ਗਿਆ ਅਤੇ ਜ਼ਬਰਨ ਮੁਸਲਮਾਨ ਬਣਾਇਆ ਗਿਆ। ਕੁਝ ਸਮੇਂ ਉਪਰੰਤ ਉਨ੍ਹਾਂ ਨੇ ਦਿੱਲੀ ਤੋਂ ਬਚ ਨਿਕਲਣ ਦਾ ਪ੍ਰਬੰਧ ਕਰ ਲਿਆ ਅਤੇ ਦੱਖਣ ਪੁੱਜ ਗਏ। ਉਹ ਦੁਬਾਰਾ ਹਿੰਦੂ ਬਣ ਗਏ ਅਤੇ ਆਪਣੇ ਗੁਰੂ ਵਿਦਿਆ ਦੀ ਯਾਦ ਵਿਚ ਵਿਦਿਆਨਗਰ ਜਾਂ ਵਿਜੈ ਨਗਰ ਦੀ ਸਥਾਪਨਾ ਕੀਤੀ। ਇਸ ਹਿੰਦੂ ਸਾਮਰਾਜ ਦੀ ਸਥਾਪਨਾ ਪੁਰਾਤਨ ਹਿੰਦੂ ਸ਼ਕਤੀ ਨੂੰ ਮੁੜ ਬਲ ਦੇਣਾ ਸੀ ਜਿਸ ਨੂੰ ਦਿੱਲੀ ਦੇ ਮੁਸਲਿਮ ਹਮਲਾਵਰਾਂ ਨੇ ਤਬਾਹ ਕਰ ਦਿੱਤਾ ਸੀ। ਇਸ ਸਾਮਰਾਜ ਦੇ ਉਭਾਰ ਦਾ ਇਤਿਹਾਸ ਨਿਮਨਲਿਖਤ ਹੈ:-

## ਸੰਗਮ ਖਾਨਦਾਨ (1336-1485) :

ਹਰੀ ਹਰ, ਬੁੱਕਾ ਰਾਏ ਅਤੇ ਉਨ੍ਹਾਂ ਦੇ ਉਤਰਾਅਧਿਕਾਰੀ ਇਸ ਖਾਨਦਾਨ ਨਾਲ ਸੰਬੰਧਤ ਸਨ ਜਿਨ੍ਹਾਂ ਨੇ ਵਿਜੈ ਨਗਰ ਉਤੇ 140 ਸਾਲ ਤੱਕ ਰਾਜ ਕੀਤਾ।

## ਹਰੀ ਹਰ ਅਤੇ ਬੁੱਕਾ ਰਾਏ (1336-1378) :

ਹਰੀ ਹਰ ਇਸ ਵੰਸ਼ ਦਾ ਪਹਿਲਾ ਰਾਜਾ ਸੀ ਜੋ 1336 ਈ. ਵਿਚ ਤਖਤ ਉੱਤੇ ਬੈਠਾ। ਉਸ ਦਾ ਰਾਜ ਆਰੰਭ ਵਿਚ ਛੋਟਾ ਸੀ ਅਤੇ ਖਤਰੇ ਤੋਂ ਖਾਲੀ ਨਹੀਂ ਸੀ। ਸੁਰੱਖਿਆ ਦੇ ਪੱਖ ਤੋਂ ਵਿਜੈ ਨਗਰ ਦੀ ਰਾਖੀ ਲਈ ਕਿਲ੍ਹਾ ਬਣਾਇਆ ਗਿਆ ਅਤੇ ਚਾਲੂਕੀਆ ਵੰਸ਼ ਦੀ ਪੁਰਾਣੀ ਰਾਜਧਾਨੀ ਬਦਾਨ ਦੇ ਦੁਆਲੇ ਦੀਵਾਰ ਬਣਾਈ ਗਈ। ਉਸ ਨੇ ਨਿਲੌਰ ਦੇ ਖੇਤਰ ਵਿਚ ਉਦੈਗਿਰੀ ਨਾਮ ਦਾ ਪ੍ਰਸਿੱਧ ਕਿਲ੍ਹਾ ਬਣਵਾਇਆ ਅਤੇ ਨਵੇਂ ਸੈਨਿਕ ਅਫ਼ਸਰ ਭਰਤੀ ਕੀਤੇ ਗਏ। ਹਰੀ ਹਰ ਆਪ ਬਾਦਸ਼ਾਹ ਬਣ ਗਿਆ ਅਤੇ ਬੁੱਕਾ ਰਾਏ ਨੂੰ ਯੁਵਰਾਜ ਘੋਸ਼ਿਤ ਕੀਤਾ ਤੇ ਇਕ ਮਹੱਤਵਪੂਰਨ ਕਿਲ੍ਹੇ ਦਾ ਚਾਰਜ ਦੇ ਦਿੱਤਾ। ਹਰੀ ਹਰ ਨੇ ਬਾਦਸ਼ਾਹਤ ਦੇ ਚਿੰਨ੍ਹ ਸਵੀਕਾਰ ਨਾ ਕੀਤੇ।

ਉਸ ਨੇ ਕਿਸਾਨਾਂ ਨੂੰ ਵੱਡੇ ਪੱਧਰ ਉੱਤੇ ਕਾਸ਼ਤਕਾਰੀ ਲਈ ਜੰਗਲਾਂ ਨੂੰ ਸਾਫ ਕਰਨ ਲਈ ਉਤਸ਼ਾਹਿਤ ਕੀਤਾ। ਉਸ ਨੇ ਸਥਾਨਕ ਪ੍ਰਬੰਧ ਵਿਚ ਬਹੁਤ ਸਾਰੀਆਂ ਤਬਦੀਲੀਆਂ ਕੀਤੀਆਂ। ਇਨ੍ਹਾਂ ਸਮੂਹ ਕਾਰਜਾਂ ਕਾਰਣ ਰਾਜ ਦੇ ਸਰੋਤ ਬਹੁਤ ਵਧ ਗਏ ਅਤੇ ਰਾਜ ਦੇ ਪ੍ਰਬੰਧ ਵਿੱਚ ਬਹੁਤ ਸੁਧਾਰ ਹੋਇਆ। ਹਰੀ ਹਰ ਦੀ ਮੌਤ ਪਿਛੋਂ ਬੁੱਕਾ ਰਾਏ ਤਖਤ ਉਤੇ ਬੈਠਾ ਅਤੇ ਉਸ ਨੇ ਬਾਹਮਣੀ ਸੁਲਤਾਨ ਵਿਰੁੱਧ ਲੜਾਈ ਛੇੜ ਦਿੱਤੀ। ਇਹ ਜੰਗ ਕਈ ਸਾਲ ਚੱਲਦੀ ਰਹੀ। ਪ੍ਰਸਿੱਧ ਲੇਖਕ ਫਰਿਸ਼ਤਾ ਅਨੁਸਾਰ ਇਸ ਵਿਚ ਸ਼ੱਕ ਨਹੀਂ ਕਿ ਦੋਂਵੇ ਹੁਕਮਰਾਨਾਂ ਨੂੰ ਇਕ ਦੂਜੇ ਨਾਲ ਸਹਿਮਤ ਹੋਣਾ ਪਿਆ ਪ੍ਰੰਤੂ ਇਸ ਤੱਥ ਨੂੰ ਝੁਠਲਾਇਆ ਨਹੀਂ ਜਾ ਸਕਦਾ ਕਿ ਇਸ ਸੰਘਰਸ਼ ਵਿੱਚ ਬੁੱਕਾ ਰਾਏ ਦਾ ਪੱਲੜਾ ਭਾਰੀ ਰਿਹਾ। ਬਾਹਮਣੀ ਰਾਜ ਨਾਲ ਨਜਿੱਠਣ ਉਪਰੰਤ ਬੁੱਕਾ ਰਾਏ ਨੇ ਮਧੁਰਾਇ ਉਤੇ ਹਮਲਾ ਕੀਤਾ ਅਤੇ ਮੁਸਲਮਾਨਾਂ ਨੂੰ ਉਥੋਂ ਕੱਢ ਦਿੱਤਾ। ਇਸ ਜਿੱਤ ਉਪਰੰਤ ਸਮੁੱਚਾ ਦੱਖਣ ਉਸ ਅਧੀਨ ਆ ਗਿਆ। ਵਿਜੈਨਗਰ ਦਾ ਰਾਜ ਹੁਣ ਸਾਮਰਾਜ ਬਣ ਗਿਆ। 1378 ਈ. ਨੂੰ ਇਸ ਮਹਾਨ ਸਮਰਾਟ ਦਾ ਦਿਹਾਂਤ ਹੋ ਗਿਆ। ਨੀਲ ਕੰਠ ਸ਼ਾਸ਼ਤਰੀ ਅਨੁਸਾਰ ਬੁੱਕਾ ਰਾਏ ਆਪਣੇ ਸਮੇਂ ਦਾ ਮਹਾਨ ਸਮਰਾਟ ਸੀ ਜਿਸ ਨੂੰ ਵਿਜੈ ਨਗਰ ਸਾਮਰਾਜ ਦਾ ਅਸਲ ਬਾਨੀ ਹੋਣ ਦਾ ਮਾਣ ਹਾਸਿਲ ਸੀ। ਉਹ ਇਕ ਅਨੁਭਵੀ ਸੈਨਿਕ ਸੀ ਜਿਸ ਨੇ ਮੁਸਲਿਮ ਹਮਲਾਵਰਾਂ ਤੋਂ ਸ਼ਾਨਦਾਰ ਜਿੱਤ ਹਾਸਿਲ

ਕੀਤੀ ਸੀ। ਉਸ ਸਮੇਂ ਜਦੋਂ ਤੰਗਦਿਲੀ ਅਤੇ ਕੱਟੜਵਾਦ ਜੋਰਾਂ ਤੇ ਸੀ ਬੁੱਕਾ ਰਾਏ ਸੁਤੰਤਰ ਖਿਆਲਾਂ ਦਾ ਸੀ। ਉਸ ਨੇ ਵੇਦਾਂ ਦੀ ਸਿੱਖਿਆ ਨੂੰ ਉਤਸ਼ਾਹਿਤ ਕੀਤਾ। ਬੁੱਕਾ ਰਾਏ ਨੇ ਚੀਨ ਵਿਚ ਆਪਣਾ ਇਕ ਰਾਜਦੂਤ ਭੇਜਿਆ ਸੀ।

## ਹਰੀ ਹਰ ਦੂਸਰਾ (1379–1404 ਈ.) :

ਆਪਣੇ ਪਿਤਾ ਦੀ ਮ੍ਰਿਤੂ ਉਪਰੰਤ ਹਰੀ ਹਰ ਦੂਜਾ 1379 ਈ. ਵਿਚ ਗੱਦੀ ਉਤੇ ਬੈਠਾ। ਉਸਨੂੰ ਮਹਾਰਾਜਾ ਅਧੀਰਾਜ, ਰਾਜਾ ਪ੍ਰਮੇਸ਼ਵਰ ਆਦਿ ਦਾ ਸ਼ਾਹੀ ਰੁਤਬਾ ਮਿਲਿਆ। ਹਰੀ ਹਰ ਦੂਜੇ ਦੇ ਰਾਜ ਦਾ ਸਮਾਂ ਲੰਮੀ ਸ਼ਾਂਤੀ ਦਾ ਸਮਾਂ ਮੰਨਿਆ ਜਾਂਦਾ ਹੈ ਪ੍ਰੰਤੂ ਕਈ ਲਿਖਤਾਂ ਅਨੁਸਾਰ ਉਸ ਦੇ ਰਾਜ ਸਮੇਂ ਮੁਸਲਮਾਨਾਂ ਅਤੇ ਵਿਜੈਨਗਰ ਸਾਮਰਾਜ ਵਿਚਕਾਰ ਸੰਘਰਸ਼ ਜਾਰੀ ਰਿਹਾ। ਅਸਲ ਵਿਚ ਵਿਜੈ ਨਗਰ ਸਾਮਰਾਜ ਦਾ ਇਤਿਹਾਸ ਬ੍ਰਾਹਮਣੀ ਰਾਜ ਦੇ ਨਿਆਈਂ ਵੱਖ ਵੱਖ ਸ਼ਕਤੀਆਂ ਦਾ ਖੂਨੀ ਸੰਘਰਸ਼ ਦਾ ਲੇਖਾ ਜੋਖਾ ਸੀ। 1398 ਈ. ਦੀਆਂ ਸਰਦੀਆਂ ਵਿਚ ਹਰੀ ਹਰ ਦੂਜੇ ਦੇ ਪੁੱਤਰ ਬੁੱਕਾ ਦੂਜੇ ਨੇ ਬਾਹਮਣੀ ਰਾਜ ਦੇ ਉਤਰ ਦਿਸ਼ਾ ਵੱਲ ਆਪਣੇ ਪਿਤਾ ਦੀ ਆਗਿਆ ਨਾਲ ਹਮਲਾ ਕੀਤਾ ਤਾਂ ਜੋ ਰਾਇਚੂਰ ਦੁਆਬ ਉਤੇ ਕਬਜ਼ਾ ਕਰ ਲਿਆ ਜਾਵੇ ਜੋ ਕ੍ਰਿਸ਼ਨਾ ਅਤੇ ਤੁੰਗਭੱਦਰ ਨਦੀਆਂ ਦੇ ਵਿਚਕਾਰ ਸਥਿਤ ਸੀ ਅਤੇ ਵਿਜੈ ਨਗਰ ਅਤੇ ਬਾਹਮਣੀ ਰਾਜ ਦਰਮਿਆਨ ਝਗੜੇ ਦੀ ਜੜ੍ਹ ਸੀ। ਉਸ ਦਾ ਟਾਕਰਾ ਕੀਤਾ ਗਿਆ ਅਤੇ ਫਿਰੋਜ਼ ਸ਼ਾਹ ਬ੍ਰਹਮਣੀ ਵਲੋਂ ਉਸ ਨੂੰ ਹਾਰ ਦਿੱਤੀ ਗਈ। 1390 ਈ. ਵਿਚ ਸ਼ਾਂਤੀ ਦੀ ਸਥਾਪਨਾ ਹੋਈ। ਫਿਰੋਜ਼ ਨੇ ਬਹੁਤ ਭਾਰੀ ਹਰਜ਼ਾਨਾ ਵਸੂਲ ਕੀਤਾ। ਬਹੁਤ ਸਾਰੀ ਲਿਖਤਾਂ ਵਰਣਨ ਕਰਦੀਆਂ ਹਨ ਕਿ ਹਰੀ ਹਰ ਦੂਜੇ ਦਾ ਰਾਜ ਦੀ ਵਿਜੈ ਨਗਰ ਦੀ ਸ਼ਕਤੀ ਦਾ ਸਮੁੱਚੇ ਦੱਖਣ ਵਿੱਚ ਵਾਧਾ ਸੀ ਜਿਸ ਵਿਚ ਮੈਸੂਰ, ਕਨਾਰਾ, ਚਿੰਗਪਟ, ਤ੍ਰਿਚਨਾਪਲੀ ਅਤੇ ਕਾਂਜੀਵਰਮ ਸ਼ਾਮਿਲ ਸੀ। ਹਰੀ ਹਰ ਦੂਜਾ ਸ਼ਿਵਾ ਦਾ ਉਪਾਸਕ ਸੀ। ਉਹ ਦੂਜੇ ਧਰਮਾਂ ਵਲ ਸਹਿਨਸ਼ੀਲ ਸੀ। ਉਹ ਬਹੁਤ ਲੋਕਪ੍ਰਿਯ ਸ਼ਾਸ਼ਕ ਸੀ। ਉਸ ਦੀ ਮ੍ਰਿਤੂ 1404 ਈ. ਵਿਚ ਹੋਈ।

## ਦੇਵ ਰਾਏ ਪਹਿਲਾ :

1404 ਈ. ਨੂੰ ਹਰੀ ਹਰ ਦੂਜੇ ਦੀ ਮੌਤ ਉਪਰੰਤ ਵਿਜੈ ਨਗਰ ਵਿਚ ਉਸ ਦੇ ਪੁੱਤਰਾਂ ਵਿਚਕਾਰ ਘਰੇਲੂ ਯੁੱਧ ਸ਼ੁਰੂ ਹੋ ਗਿਆ। ਬੁੱਕਾ ਰਾਏ ਦੂਜਾ 2 ਸਾਲ ਰਾਜ ਕਰਦਾ ਰਿਹਾ ਪ੍ਰੰਤੂ ਅਖੀਰ 5 ਨਵੰਬਰ 1406 ਈ. ਨੂੰ ਦੇਵ ਰਾਏ ਪਹਿਲਾ ਤਖਤ ਉਤੇ ਬੈਠਾ। ਉਸ ਨੇ 16 ਸਾਲ ਹਕੂਮਤ ਕੀਤੀ। ਉਹ ਬਾਹਮਣੀ ਸ਼ਾਸਕਾਂ ਅਤੇ

ਗਵਾਂਢੀ ਹਿੰਦੂ ਸ਼ਾਸਕ ਵਿਰੁੱਧ ਵੀ ਲੜਿਆ। ਆਪਣੇ ਵੈਰੀਆਂ ਵਿਰੁੱਧ ਸੰਘਰਸ਼ ਵਿਚ ਉਹ ਜੇਤੂ ਬਣ ਕੇ ਉਭਰਿਆ। ਉਸ ਨੇ ਆਪਣੇ ਸਾਮਰਾਜ ਦਾ ਵਿਸਥਾਰ ਕੀਤਾ। ਵਿਜੈ ਨਗਰ ਦੇ ਹਮਲਿਆਂ ਦੌਰਾਨ ਫਿਰੋਜ਼ ਤੁਗਲਕ ਨੂੰ ਪਿਛੇ ਹੱਟਣਾ ਪਿਆ ਪ੍ਰੰਤੂ ਆਖਿਰਕਾਰ ਦਿੱਲੀ ਸਲਤਨਤ ਨੂੰ ਵਿਜੈ ਨਗਰ ਸਾਮਰਾਜ ਨਾਲ ਸਮਝੌਤਾ ਕਰਨਾ ਪਿਆ।

ਦੇਵ ਰਾਏ ਪਹਿਲਾ ਇਕ ਕਾਬਿਲ ਫੌਜ਼ੀ ਪ੍ਰਬੰਧਕ ਸੀ। ਉਹ ਆਪਣੇ ਖਾਨਦਾਨ ਦਾ ਪਹਿਲਾ ਸ਼ਾਸ਼ਕ ਸੀ ਜਿਸ ਨੇ ਇਹ ਅਨੁਭਵ ਕੀਤਾ ਕਿ ਘੋੜ ਸਵਾਰ ਸੈਨਾ ਫੌਜ਼ ਦਾ ਇਕ ਮਹੱਤਵਪੂਰਨ ਅੰਗ ਸੀ ਇਸ ਲਈ ਉਸ ਨੇ ਅਰਬੀ ਅਤੇ ਇਰਾਨੀ ਵਪਾਰੀਆਂ ਤੋਂ ਵੱਡੀ ਮਾਤਰਾ ਵਿਚ ਚੰਗੀ ਨਸਲ ਦੇ ਘੋੜੇ ਖਰੀਦੇ। ਉਸ ਨੇ ਆਪਣੀ ਸੈਨਾ ਵਿਚ ਤੁਰਕੀ ਤੋਂ ਉਸਤਾਦ ਭਰਤੀ ਕੀਤੇ। ਉਸ ਦੇ ਸਮੇਂ ਵਿਚ ਬ੍ਰਾਹਮਣੀ ਫੌਜ਼ਾਂ ਨੂੰ ਜਬਰਦਸਤ ਹਾਰ ਦਿੱਤੀ ਗਈ। ਆਪਣੇ ਪਿਤਾ ਦੇ ਨਿਆਈ ਉਹ ਸ਼ਿਵ ਦਾ ਉਪਾਸਕ ਸੀ ਅਤੇ ਉਸ ਨੇ ਬਹੁਤ ਸਾਰੇ ਮੰਦਰਾਂ ਦੀ ਉਸਾਰੀ ਕਰਵਾਈ। ਉਸ ਦੇ ਦਰਬਾਰ ਵਿਚ ਬਹੁਤ ਵਿਦਵਾਨ ਅਤੇ ਕਲਾਕਾਰ ਉਸ ਦੀ ਖੁਲਦਿਲੀ ਸਰਪ੍ਰਸਤੀ ਦਾ ਆਨੰਦ ਮਾਣਦੇ ਸਨ। ਉਸ ਦੇ ਸਮੇਂ ਵਿਜੈ ਨਗਰ ਸਿੱਖਿਆ ਦਾ ਮਹਾਨ ਕੇਂਦਰ ਬਣ ਗਿਆ। 1422 ਈ. ਨੂੰ ਉਸ ਦੀ ਮੌਤ ਹੋ ਗਈ।

## ਦੇਵ ਰਾਏ ਦੂਜਾ (1422–1446 ਈ.) :

ਦੇਵ ਰਾਏ ਪਹਿਲਾ ਦੀ 1422 ਈ. ਵਿਚ ਮੌਤ ਉਪਰੰਤ ਉਸ ਦਾ ਪੁੱਤਰ ਵਿਜੇ ਬੁੱਕਾ ਜਾਂ ਵੀਰ ਵਿਜੇ ਕੁਝ ਮਹੀਨਿਆਂ ਲਈ ਗੱਦੀ ਉਤੇ ਬੈਠਾ ਉਸ ਉਪਰੰਤ ਉਸ ਦਾ ਪੁੱਤਰ ਦੇਵ ਰਾਏ ਦੂਜਾ ਗੱਦੀ ਉੱਤੇ ਬੈਠਾ। ਭਾਵੇਂ ਦੇਵ ਰਾਏ ਦੂਜੇ ਦੀ ਬ੍ਰਾਹਮਣੀਆਂ ਵਿਰੁੱਧ ਜੰਗ ਹਾਰ ਵਿਚ ਤਬਦੀਲ ਹੋ ਗਈ ਪ੍ਰੰਤੂ ਉਸ ਦਾ ਸਮਾਂ ਪ੍ਰਬੰਧ ਦੇ ਪੁਨਰ ਸੁਧਾਰ ਲਈ ਮੰਨਿਆ ਜਾਂਦਾ ਹੈ। ਵਪਾਰ ਨੂੰ ਨਿਯਮਤ ਕਰਨ ਲਈ ਉਸ ਨੇ ਆਪਣੇ ਨਜ਼ਦੀਕੀ ਲਖਨ ਨਾਮੀ ਵਿਅਕਤੀ ਦੀ ਪ੍ਰਭੂਸੱਤਾ ਨਿਸ਼ਚਿਤ ਕੀਤੀ ਜਿਸ ਦਾ ਭਾਵ ਹੈ ਵਿਦੇਸ਼ੀ ਵਪਾਰ ਦੀ ਸਪੁਰਦਗੀ। ਇਟਲੀ ਦੇ ਇਕ ਯਾਤਰੀ ਨਿਕੋਲੀ ਕਾਉਂਟੀ ਅਤੇ ਈਰਾਨ ਦੇ ਅਬਦੂਰ ਰਜ਼ਾਕ ਨੇ ਕ੍ਰਮਵਾਰ 1420 ਅਤੇ 1443 ਵਿਚ ਵਿਜੈਨਗਰ ਦੀ ਯਾਤਰਾ ਕੀਤੀ ਅਤੇ ਉਨ੍ਹਾਂ ਨੇ ਸਾਮਰਾਜ ਦੀ ਸ਼ਾਨਦਾਰ ਵਿਆਖਿਆ ਕੀਤੀ ਕਿਉਂਕਿ ਇਸ ਸਮੇਂ ਤੱਕ ਵਿਜੈ ਨਗਰ ਸਾਰੇ ਦੱਖਣ ਵਿਚ ਫੈਲ ਗਿਆ ਸੀ।

ਦੇਵ ਰਾਏ ਦੂਜੇ ਦੀ ਮੌਤ ਉਪਰੰਤ ਉਸ ਦੇ ਉਤਰਾਅਧਿਕਾਰੀ ਮਲਕਰਜੁਨ ਅਤੇ ਵੀਰਪ੍ਰਕਾਸ਼ ਦੂਜਾ ਨਾਕਾਬਿਲ ਸ਼ਾਸ਼ਕ ਸਾਬਿਤ ਹੋਏ। ਘਬਰਾਹਟ, ਹੜਬੜੀ ਅਤੇ ਬਦਇੰਤਜ਼ਾਮੀ ਫੈਲ ਗਈ ਅਤੇ ਕੁਝ ਪ੍ਰਾਂਤਾਂ

ਨੇ ਬਗਾਵਤ ਕਰ ਦਿੱਤੀ। ਰਾਜ ਨੂੰ ਵਿਭਾਜਨ ਤੋਂ ਬਚਾਉਣ ਲਈ ਨਰ ਸਿੰਘ ਸਲੂਵ ਨੇ ਆਪਣੇ ਨਕਾਰਾ ਸ਼ਾਸ਼ਕ ਨੂੰ ਗੱਦੀ ਤੋਂ ਉਤਾਰ ਦਿੱਤਾ ਅਤੇ 1485 ਈ. ਵਿਚ ਆਪ ਗੱਦੀ ਉਤੇ ਬੈਠ ਗਿਆ।

### ਸਲੂਵ ਖਾਨਦਾਨ ਦਾ ਨਰ ਸਿੰਘ (1485–1490) :

ਸੰਗਮ ਵੰਸ਼ ਨੂੰ ਤਖਤ ਤੋਂ ਉਤਾਰ ਕੇ ਸਲੂਵ ਵੰਸ਼ ਦਾ ਨਰ ਸਿੰਘ ਵਿਜੈ ਨਗਰ ਦਾ ਸ਼ਾਸ਼ਕ ਬਣਿਆ। ਉਸ ਨੇ ਬਹੁਤ ਸਾਰੀ ਜਨਤਾ ਦਾ ਭਰੋਸਾ ਜਿੱਤ ਲਿਆ। ਦਿਲ ਤੋਂ ਰਾਜ ਦੇ ਹਿੱਤ ਕਾਰਣ ਆਪਣੇ 6 ਸਾਲ ਦੇ ਰਾਜ ਵਿਚ ਉਸ ਨੇ ਉਸ ਸਾਰੇ ਖੋਹੇ ਗਏ ਪ੍ਰਾਂਤਾਂ ਨੂੰ ਵਾਪਿਸ ਪ੍ਰਾਪਤ ਕਰ ਲਿਆ। ਬਦਕਿਸਮਤੀ ਨਾਲ ਉਸ ਦੇ ਕਈ ਸਾਥੀਆਂ ਨੇ ਉਸ ਦੀ ਪ੍ਰਭੂਸੱਤਾ ਨੂੰ ਪ੍ਰਵਾਨ ਨਾ ਕੀਤਾ। ਇਸ ਲਈ ਆਰੰਭ ਤੋਂ ਹੀ ਉਸ ਨੂੰ ਮੁੱਖ ਵਿਅਕਤੀਆਂ ਦੀ ਵਿਰੋਧਤਾ ਦਾ ਸਾਹਮਣਾ ਕਰਨਾ ਪਿਆ। ਉਸ ਨੇ ਭਾਵੇਂ ਇਨ੍ਹਾਂ ਸਾਲਾਂ ਵਿਚ ਆਪਣੀ ਸਥਿਤੀ ਨੂੰ ਮਜ਼ਬੂਤ ਕਰਨ ਦੇ ਉਪਰਾਲੇ ਕੀਤੇ ਪ੍ਰੰਤੂ ਉਹ ਬਹੁਤਾ ਸਫਲ ਨਾ ਹੋਇਆ। ਉਸ ਦੀ 1490 ਈ. ਵਿਚ ਮੌਤ ਹੋ ਗਈ। ਉਸ ਦੇ ਉਤਰਾਅਧਿਕਾਰੀ ਬਹੁਤ ਨਕਾਰੇ ਸਾਬਿਤ ਹੋਏ। ਫੌਜ਼ ਦੇ ਕਮਾਂਡਰ ਵੀਰ ਨਰ ਸਿੰਘ ਨੇ ਤਖਤ ਤੇ ਕਬਜ਼ਾ ਕਰ ਲਿਆ। ਇਸ ਤਰ੍ਹਾਂ ਵਿਜੈ ਨਗਰ ਸਾਮਰਾਜ ਤੁਲਵਾਂ ਵੰਸ਼ ਦਾ ਰਾਜ ਬਣ ਗਿਆ।

### ਤੁਲਵਾਂ ਵੰਸ਼ ਦਾ ਵੀਰ ਨਰ ਸਿੰਘ (1503–1509) :

ਤੁਲਵਾਂ ਵੰਸ਼ ਦੇ ਮੋਢੀ ਵੀਰ ਨਰ ਸਿੰਘ ਨੇ ਵਿਜੈ ਨਗਰ ਸਾਮਰਾਜ ਉਤੇ ਰਾਜ ਕੀਤਾ। ਉਸ ਦੇ ਰਾਜ ਸਮੇਂ ਬਗਾਵਤਾਂ ਹੁੰਦੀਆਂ ਰਹੀਆਂ ਕਿਉਂਕਿ ਜਨਤਾ ਉਸ ਨੂੰ ਕਾਨੂੰਨੀ ਸ਼ਾਸ਼ਕ ਨਹੀਂ ਮੰਨਦੀਆਂ ਸਨ। ਉਸ ਨੇ ਸਮੁੱਚੀ ਵਿਰੋਧਤਾ ਦਾ ਸਖਤੀ ਨਾਲ ਟਾਕਰਾ ਕੀਤਾ। ਇਸ ਲਈ ਉਹ ਰਾਜ ਦੇ ਕੰਮਾਂ ਵਿਚ ਜ਼ਿਆਦਾ ਧਿਆਨ ਨਾ ਦੇ ਸਕਿਆ। ਉਸ ਨੇ ਫੌਜ਼ੀ ਪ੍ਰਬੰਧ ਵਿਚ ਕਈ ਸੁਧਾਰ ਕੀਤੇ। ਉਸ ਨੇ ਪੁਰਤਗਾਲ ਨਾਲ ਦੋਸਤਾਨਾ ਸਬੰਧ ਬਣਾਏ। ਉਸ ਨੇ ਕਈ ਕਰ (ਟੈਕਸ) ਵੀ ਖਤਮ ਕਰ ਦਿੱਤੇ।

### ਕ੍ਰਿਸ਼ਨ ਦੇਵ (1509–1529) :

ਕ੍ਰਿਸ਼ਨ ਦੇਵ ਨਰ ਸਿੰਘ ਦਾ ਛੋਟਾ ਭਰਾ ਸੀ। ਉਹ ਹੁਣ ਤੱਕ ਦਾ ਵਿਜੈ ਨਗਰ ਦਾ ਸਭ ਤੋਂ ਮਹਾਨ ਸ਼ਾਸ਼ਕ ਅਤੇ ਇਤਿਹਾਸ ਵਿਚ ਭਾਰਤ ਦੇ ਸਭ ਤੋਂ ਪ੍ਰਸਿੱਧ ਰਾਜਿਆਂ ਵਿਚੋਂ ਇਕ ਸੀ। ਉਹ ਇਕ ਬਹਾਦਰ ਅਤੇ ਉੱਦਮੀ ਰਾਜਾ ਸੀ। ਉਹ ਸਦਾ ਹੀ ਉਨ੍ਹਾਂ ਜੰਗਾਂ ਵਿਚ ਸਫਲ ਰਿਹਾ ਜਿਹੜੀਆਂ ਉਸ ਨੇ ਆਪਣੇ ਰਾਜ ਸਮੇਂ ਲੜੀਆਂ। 1509 ਈ. ਨੂੰ ਉਸ ਨੇ ਬਾਹਮਣੀ ਸੁਲਤਾਨ ਮਹਿਮੂਦ ਸ਼ਾਹ ਨੂੰ ਭਾਰੀ ਮਾਤ ਦਿੱਤੀ। ਇਸ

ਉਪਰੰਤ ਉਸ ਨੇ ਉੜੀਸਾ ਦੇ ਹਾਕਮ ਰਾਜਪਤੀ ਵਿਰੁੱਧ ਟੱਕਰ ਲਈ, ਕਿਉਂਕਿ ਉਸ ਨੇ ਵਿਜੈ ਨਗਰ ਸਾਮਰਾਜ ਦੇ 2 ਪ੍ਰਾਂਤਾਂ ਉਤੇ ਕਬਜ਼ਾ ਕੀਤਾ ਹੋਇਆ ਸੀ। 1518 ਈ. ਵਿਚ ਦੋਵਾਂ ਵਿਚਕਾਰ ਸਮਝੌਤਾ ਹੋ ਗਿਆ ਅਤੇ ਸੰਧੀ ਦੀਆਂ ਸ਼ਰਤਾਂ ਅਨੁਸਾਰ ਰਾਜਪਤੀ ਨੇ ਆਪਣੀ ਪੁੱਤਰੀ ਦੀ ਸ਼ਾਦੀ ਕ੍ਰਿਸ਼ਨ ਦੇਵ ਨਾਲ ਕਰ ਦਿੱਤੀ ਜਿਸ ਨੇ ਰਾਜਪਤੀ ਨੂੰ ਜਿੱਤੇ ਹੋਏ ਖੇਤਰ ਵਾਪਿਸ ਕਰ ਦਿੱਤੇ। ਕ੍ਰਿਸ਼ਨ ਦੇਵ ਨੇ ਗੋਲਕੰਡਾ ਉਤੇ ਹਮਲਾ ਕੀਤਾ ਅਤੇ ਉਥੋਂ ਦੇ ਕਮਾਂਡਰ ਨੂੰ ਬੰਦੀ ਬਣਾ ਲਿਆ। ਉਸ ਦੀ ਆਖਰੀ ਜਿੱਤ ਬੀਜ਼ਾਪੁਰ ਦੇ ਹਾਕਮ ਵਿਰੁੱਧ ਸੀ ਜੋ ਕਿ ਇਕ ਮੁਸਲਿਮ ਰਿਆਸਤ ਸੀ ਅਤੇ ਵਿਜੈ ਨਗਰ ਵਿਰੁੱਧ ਸੀ।

ਕ੍ਰਿਸ਼ਨ ਦੇਵ ਨੇ ਪੁਰਤਗਾਲ ਨਾਲ ਮਿੱਤਰਤਾਪੂਰਨ ਸਬੰਧ ਰੱਖੇ। ਉਸ ਨੇ ਪੁਰਤਗਾਲੀ ਵਪਾਰੀਆਂ ਤੋਂ ਅਰਬੀ ਅਤੇ ਈਰਾਨੀ ਘੋੜੇ ਖਰੀਦੇ। ਪੁਰਤਗਾਲੀਆਂ ਨੂੰ ਵੀ ਕ੍ਰਿਸ਼ਨ ਦੇਵ ਤੋਂ ਇਹ ਘੋੜੇ ਵੇਚ ਕੇ ਬਹੁਤ ਲਾਭ ਹੋਇਆ। ਬਹੁਤ ਸਾਰੇ ਪੁਰਤਗਾਲੀ ਉਸ ਦੇ ਰਾਜ ਵਿਚ ਆਏ ਅਤੇ ਲੰਮਾ ਸਮਾਂ ਰਹੇ। ਕ੍ਰਿਸ਼ਨ ਦੇਵ ਨੇ ਕਿਸੇ ਵੀ ਪੁਰਤਗਾਲੀ ਨੂੰ ਆਪਣੇ ਰਾਜ ਪ੍ਰਬੰਧ ਵਿਚ ਦਖਲਅੰਦਾਜ਼ੀ ਦੀ ਆਗਿਆ ਨਹੀਂ ਦਿੱਤੀ। 1523 ਈ. ਵਿਚ ਜਦੋਂ ਪੁਰਤਗਾਲੀਆਂ ਨੇ ਗੋਆ ਉੱਤੇ ਕਬਜ਼ੇ ਦੀ ਕੋਸ਼ਿਸ਼ ਕੀਤੀ ਤਾਂ ਇਸ ਵਿਰੁੱਧ ਕ੍ਰਿਸ਼ਨ ਦੇਵ ਨੇ ਆਪਣੀ ਸੈਨਾ ਭੇਜੀ।

ਕ੍ਰਿਸ਼ਨ ਦੇਵ ਨੇ ਆਪਣੇ ਸਾਮਰਾਜ ਦੇ ਭਿੰਨ ਭਿੰਨ ਖੇਤਰਾਂ ਦਾ ਦੌਰਾ ਕੀਤਾ ਅਤੇ ਨਿੱਜੀ ਤੌਰ ਤੇ ਜਨਤਾ ਦੀਆਂ ਸ਼ਿਕਾਇਤਾਂ ਸੁਣੀਆਂ ਅਤੇ ਮੌਕੇ ਤੇ ਹੀ ਨਿਪਟਾਉਣ ਦੇ ਯਤਨ ਕੀਤੇ। ਉਸ ਨੇ ਆਪਣੇ ਰਾਜ ਵਿਚ ਬਹੁਤ ਸਾਰੇ ਖੂਹ ਅਤੇ ਨਦੀਆਂ ਖੁਦਵਾਈਆਂ। ਉਸ ਨੇ ਕੁਝ ਅਣਚਾਹੇ ਟੈਕਸ ਖਤਮ ਕਰਕੇ ਆਪਣੀ ਜਨਤਾ ਨੂੰ ਰਾਹਤ ਦਿੱਤੀ। ਉਸ ਨੇ ਬਹੁਤ ਸਾਰੀਆਂ ਸੁੰਦਰ ਇਮਾਰਤਾਂ ਅਤੇ ਮੰਦਰ ਵੀ ਬਣਵਾਏ।

ਕ੍ਰਿਸ਼ਨ ਦੇਵ ਕਲਾ ਅਤੇ ਸਾਹਿਤ ਦਾ ਪ੍ਰੇਮੀ ਅਤੇ ਸਰਪ੍ਰਸਤ ਸੀ। ਉਸ ਨੇ ਖੁਲਦਿਲੀ ਨਾਲ ਵਿਦਵਾਨਾਂ ਅਤੇ ਕਲਾਕਾਰਾਂ ਦੀ ਸਰਪ੍ਰਸਤੀ ਕੀਤੀ। ਉਸ ਨੇ ਸੰਸਕ੍ਰਿਤ ਭਾਸ਼ਾ ਅਤੇ ਸਾਹਿਤ ਦੀ ਉਨਤੀ ਲਈ ਵੱਡੇ ਉਪਰਾਲੇ ਕੀਤੇ। ਇਸ ਸਮੇਂ ਤੇਲਗੂ ਭਾਸ਼ਾ ਨੇ ਵੀ ਬਹੁਤ ਉਨਤੀ ਕੀਤੀ। ਉਸ ਦੇ ਦਰਬਾਰ ਵਿਚ ਤੇਲਗੂ ਦੇ 8 ਪ੍ਰਸਿੱਧ ਕਵੀ ਸਨ। ਕ੍ਰਿਸ਼ਨ ਦੇਵ ਦੀ 1529 ਈ. ਵਿਚ ਮ੍ਰਿਤੂ ਹੋ ਗਈ।

ਕ੍ਰਿਸ਼ਨ ਦੇਵ ਦੇ ਉਤਰਾਅਧਿਕਾਰੀ ਨਕਾਰੇ ਸਨ ਅਤੇ ਹੌਲੀ ਹੌਲੀ ਵਿਜੈ ਨਗਰ ਦੇ ਕੁਝ ਹਿੱਸੇ ਉਸ ਤੋਂ ਵੱਖ ਹੋਣ ਲੱਗੇ। 1565 ਈ. ਵਿਚ ਤਾਲੀਕੋਟਾ ਦੇ ਨਜ਼ਦੀਕ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਭਿਅੰਕਰ ਯੁੱਧ ਹੋਇਆ। ਇਸ ਯੁੱਧ ਵਿਚ ਮੁਸਲਮਾਨਾਂ ਦੀ ਜਿੱਤ ਹੋਈ। ਇਸ ਯੁੱਧ ਵਿਚ ਵਿਜੈ ਨਗਰ ਸਾਮਰਾਜ

ਦਾ ਹਾਕਮ ਅਤੇ ਪ੍ਰਸਿੱਧ ਮੰਤਰੀ ਰਾਮ ਰਾਜਾ ਮਾਰੇ ਗਏ। ਵਿਜੈ ਨਗਰ ਦੀ ਸ਼ਾਨ ਦਾ ਅੰਤ ਹੋ ਗਿਆ। ਮੁਸਲਿਮ ਹਮਲਾਵਰਾਂ ਨੇ ਇਸ ਸਾਮਰਾਜ ਨੂੰ ਤਬਾਹ ਕਰ ਦਿੱਤਾ।

**ਵਿਜੈ ਨਗਰ ਦਾ ਰਾਜ ਪ੍ਰਬੰਧ :**

ਵਿਜੈ ਨਗਰ ਸਾਮਰਾਜ ਦੇ ਬਹੁਤੇ ਹਾਕਮ ਚੰਗੇ ਪ੍ਰਬੰਧਕ ਸਨ ਜਿਨ੍ਹਾਂ ਨੇ ਬੜੀ ਕੁਸ਼ਲਤਾ ਨਾਲ ਰਾਜ ਪ੍ਰਬੰਧ ਚਲਾਇਆ। ਰਾਜ ਪ੍ਰਬੰਧ ਦੀ ਵਿਆਖਿਆ ਨਿਮਨਲਿਖਤ ਹੈ :

**ਰਾਜਾ :**

ਰਾਜਾ ਰਾਜ ਦਾ ਮੁੱਖੀ ਸੀ। ਉਸ ਦੇ ਹੱਥ ਵਿਚ ਸੈਨਿਕ ਅਤੇ ਅਸੈਨਿਕ ਪ੍ਰਬੰਧ ਸੀ। ਉਸ ਦੀ ਸ਼ਕਤੀ ਉਤੇ ਕੋਈ ਰੋਕ ਨਹੀਂ ਸੀ। ਉਹ ਆਪਣੇ ਮੰਤਰੀਆਂ ਨਾਲ ਸਲਾਹ ਮੁਸ਼ਵਰਾ ਕਰਦਾ ਸੀ ਪ੍ਰੰਤੂ ਅਸਲ ਸ਼ਕਤੀ ਉਸ ਦੇ ਹੱਥ ਵਿਚ ਸੀ। ਉਹ ਕਿਸੇ ਵੀ ਕਰਮਚਾਰੀ ਦੇ ਅਹੁਦੇ ਨੂੰ ਵਧਾ, ਘਟਾ ਜਾਂ ਖਤਮ ਕਰ ਸਕਦਾ ਸੀ ਜੇ ਉਹ ਉਸ ਨੂੰ ਸੇਵਾਵਾਂ ਦੇਣ ਦੇ ਕਾਬਿਲ ਜਾਂ ਨਾਕਾਬਿਲ ਸਮਝਦਾ। ਸ਼ਾਹੀ ਦਰਬਾਰ ਬਹੁਤ ਸ਼ਾਨੋ ਸ਼ੋਕਤ ਵਾਲਾ ਸੀ।

**ਮੰਤਰੀ ਮੰਡਲ :**

ਰਾਜੇ ਕੋਲ ਕੁਝ ਮੰਤਰੀ ਸਨ ਜੋ ਭਿੰਨ ਭਿੰਨ ਵਿਭਾਗਾਂ ਦੀ ਦੇਖਭਾਲ ਕਰਦੇ ਸਨ। ਮੰਤਰੀਆਂ ਦੀ ਨਿਯੁਕਤੀ ਰਾਜਾ ਖੁਦ ਕਰਦਾ ਸੀ। ਕੁਝ ਅਹੁਦੇ ਜੱਦੀ ਪੁਸ਼ਤੀ ਸਨ। ਮੰਤਰੀਆਂ ਤੋਂ ਇਲਾਵਾ ਗਵਰਨਰ, ਜਰਨੈਲ ਅਤੇ ਰਾਜ ਦੇ ਕਰਮਚਾਰੀਆਂ ਆਦਿ ਨੂੰ ਸਰਕਾਰ ਵਿਚ ਮਹੱਤਵਪੂਰਨ ਸਥਾਨ ਪ੍ਰਾਪਤ ਸੀ।

**ਪ੍ਰਾਂਤਕ ਸਰਕਾਰ :**

ਵਿਜੈ ਨਗਰ ਦਾ ਸਮੁੱਚਾ ਸਾਮਰਾਜ ਵੱਖ-ਵੱਖ ਪ੍ਰਾਂਤਾਂ ਵਿਚ ਵੰਡਿਆ ਹੋਇਆ ਸੀ। ਪ੍ਰਾਂਤ ਸਭ ਤੋਂ ਵੱਡੀ ਪ੍ਰਬੰਧਕੀ ਇਕਾਈ ਸੀ ਜੋ ਕਿ ਗਵਰਨਰ ਜਾਂ ਸੂਬੇਦਾਰ ਦੇ ਅਧੀਨ ਹੁੰਦੀ ਸੀ। ਸੂਬੇਦਾਰ ਇਕ ਪ੍ਰਕਾਰ ਦਾ ਰਾਜਾ ਸੀ। ਰਿਆਸਤਾਂ ਜਾਂ ਰਾਜਾਂ ਦੇ ਕੁਝ ਪੁਰਾਣੇ ਹਾਕਮ ਜੋ ਵਿਜੈ ਨਗਰ ਸਾਮਰਾਜ ਦਾ ਇਕ ਅੰਗ ਬਣ ਚੁੱਕੇ ਸਨ ਨੂੰ ਆਪਣੇ ਰਾਜਾਂ ਵਿਚ ਹਕੂਮਤ ਕਰਨ ਦੀ ਆਗਿਆ ਦਿੱਤੀ ਗਈ ਪ੍ਰੰਤੂ ਉਨ੍ਹਾਂ ਲਈ ਲੋੜੀਂਦਾ ਸੀ ਕਿ ਉਹ ਵਿਜੈ ਨਗਰ ਸਾਮਰਾਜ ਦੇ ਹਾਕਮ ਨੂੰ ਸਲਾਨਾ ਟੈਕਸ ਜਾਂ ਨਜ਼ਰਾਨਾ ਦੇਣ।

**ਮਾਲੀਆ ਪ੍ਰਬੰਧ :**

ਰਾਜ ਦੀ ਆਮਦਨ ਦੇ ਕਈ ਸਰੋਤ ਸਨ ਪ੍ਰੰਤੂ ਜ਼ਮੀਨ ਦਾ ਮਾਲੀਆ ਜਾਂ ਲਗਾਨ ਸਰਕਾਰੀ ਆਮਦਨ ਦਾ ਪ੍ਰਮੁੱਖ ਸਾਧਨ ਸੀ। ਕਿਸਾਨ ਸਰਕਾਰੀ ਹਿੱਸਾ ਜਾਂ ਤਾਂ ਨਕਦ ਦਿੰਦੇ ਸਨ ਜਾਂ ਫਸਲ ਦੇ ਹਿੱਸੇ ਵਜੋਂ। ਵਾਹੀਯੋਗ ਜ਼ਮੀਨ ਮਾਪਣ ਲਈ ਯੋਗ ਵਰਤੇ ਗਏ। ਰਾਜ ਦਾ ਹਿੱਸਾ 1/6 ਤੋਂ 1/2 ਸੀ ਜੋ ਧਰਤੀ ਦੀ ਕਿਸਮ ਅਤੇ ਉਸ ਦੇ ਉਤਪਾਦਨ ਉਤੇ ਨਿਰਭਰ ਸੀ। ਕੁਝ ਹੋਰ ਟੈਕਸ ਵੀ ਸਨ ਜਿਵੇਂ ਪਸ਼ੂ ਚਰਾਈ ਅਤੇ ਘੋੜਿਆਂ ਤੇ ਕਰ ਆਦਿ। ਇਥੋਂ ਤੱਕ ਕਿ ਘੁਮਿਆਰ, ਮੋਚੀ, ਧੋਬੀ ਅਤੇ ਨਾਈ ਨੂੰ ਵੀ ਪੇਸ਼ਾਵਰ ਟੈਕਸ ਤੋਂ ਛੋਟ ਨਹੀਂ ਸੀ।

## ਨਿਆਂ ਪ੍ਰਬੰਧ :

ਰਾਜ ਵਿਚ ਕਈ ਕਿਸਮ ਦੀਆਂ ਅਦਾਲਤਾਂ ਸਨ। ਰਾਜਾ ਆਵੇਦਨ ਦੀ ਆਖਰੀ ਅਦਾਲਤ ਸੀ। ਪੁਰਾਤਨ ਹਿੰਦੂ ਕਾਨੂੰਨ ਨਿਆਂ ਦਾ ਆਧਾਰ ਅਤੇ ਕਿਰਿਆਸ਼ੀਲ ਸੀ। ਸਖਤ ਸਜ਼ਾ ਦਿੱਤੀ ਜਾਂਦੀ ਸੀ। ਚੋਰ, ਭ੍ਰਿਸ਼ਟ ਅਤੇ ਗੱਦਾਰਾਂ ਨੂੰ ਹਾਥੀਆਂ ਦੇ ਪੈਰਾਂ ਹੇਠ ਮਸਲ ਦਿੱਤਾ ਜਾਂਦਾ ਸੀ।

## ਸੈਨਿਕ ਪ੍ਰਬੰਧ :

ਰਾਜ ਦਾ ਸੈਨਿਕ ਪ੍ਰਬੰਧ ਉੱਤਮ ਸੀ। ਸੈਨਾ ਵਿਚ ਘੋੜ ਸਵਾਰ, ਹਾਥੀ ਅਤੇ ਪੈਦਲ ਸੈਨਿਕ ਸਨ। ਅਬਦੁਰ ਰਜ਼ਾਕ ਜਿਸ ਨੇ ਵਿਜੈ ਨਗਰ ਦੀ ਯਾਤਰਾ ਕੀਤੀ ਲਿਖਦਾ ਹੈ ਕਿ ਰਾਜ ਵਿਚ ਕਈ ਸੈਨਿਕ ਵਿਦਿਆਲੇ ਸਨ। ਇਥੋਂ ਤੱਕ ਕਿ ਰਾਜਧਾਨੀ ਵਿਚ ਹੀ 90 ਹਜ਼ਾਰ ਅਜਿਹੇ ਵਿਅਕਤੀ ਸਨ ਜੋ ਹਥਿਆਰ ਚਲਾਉਣਾ ਜਾਣਦੇ ਸਨ। ਰਾਜ ਵਿਚ ਕਈ ਕਿਲ੍ਹੇ ਸਨ ਜੋ ਜੰਗੀ ਹਥਿਆਰਾਂ ਨਾਲ ਭਰੇ ਪਏ ਸਨ। ਰਾਜ ਵਿਚ ਭਿੰਨ-ਭਿੰਨ ਸਥਾਨਾਂ ਉੱਤੇ ਜ਼ਗੀਰਦਾਰੀ ਦਸਤੇ ਦੇਖੇ ਜਾਂਦੇ ਸਨ।

## ਪੁਲਿਸ ਅਤੇ ਜਾਸੂਸੀ ਪ੍ਰਬੰਧ :

ਵਿਦੇਸ਼ੀ ਯਾਤਰੀ ਰਾਜ ਦੇ ਪੁਲਿਸ ਪ੍ਰਬੰਧ ਤੋਂ ਬਹੁਤ ਪ੍ਰਸੰਨ ਸਨ। ਪੁਲਿਸ ਸਾਰੀ ਰਾਤ ਨਿਗਰਾਨੀ ਕਰਦੀ ਸੀ ਜਿਸ ਦੇ ਫਲਸਰੂਪ ਚੋਰੀ ਤੋਂ ਬਚਾਉ ਰਹਿੰਦਾ ਸੀ। ਜਾਸੂਸੀ ਪ੍ਰਬੰਧ ਰਾਹੀਂ ਆਪਣੇ ਕਰਮਚਾਰੀਆਂ ਅਤੇ ਹੋਰਨਾਂ ਦੀ ਹਰ ਕਿਸਮ ਦੀ ਜਾਣਕਾਰੀ ਰੱਖਦਾ ਸੀ।

## ਆਰਥਿਕ ਦਸ਼ਾ :

ਸਾਮਰਾਜ ਖੁਸ਼ਹਾਲੀ ਭਰਪੂਰ ਸੀ। ਸਾਮਰਾਜ ਦੇ ਵੱਖ-ਵੱਖ ਹਿੱਸਿਆਂ ਵਿਚ ਖੇਤੀਬਾੜੀ ਪ੍ਰਫੁੱਲਤ ਹੋਈ। ਪ੍ਰਮੁੱਖ ਉਦਯੋਗ ਕੱਪੜਾ ਅਤੇ ਖਨਨ ਦੇ ਸਨ। ਪ੍ਰਸਿੱਧ ਸ਼ਹਿਰਾਂ ਵਿਚ ਬਹੁਤ ਵੱਡੀਆਂ ਵਪਾਰਕ ਦੁਕਾਨਾਂ

ਸਨ। ਅਬਦੁਰ ਰਜ਼ਾਕ ਅਨੁਸਾਰ ਰਾਜ ਦੇ ਬਰਮਾ, ਚੀਨ, ਅਰਬ, ਈਰਾਨ, ਅਫਰੀਕਾ, ਐਬਸੇਨੀਆ ਅਤੇ ਪੁਰਤਗਾਲ ਨਾਲ ਵਪਾਰਕ ਸੰਬੰਧ ਸਨ। ਨਿਰਯਾਤ ਦੀਆਂ ਪ੍ਰਮੁੱਖ ਵਸਤੂਆਂ ਵਿਚ ਕੱਪੜਾ, ਚਾਵਲ, ਲੋਹਾ, ਖੰਡ, ਮਸਾਲੇ ਆਦਿ ਸ਼ਾਮਿਲ ਸਨ। ਘੋੜੇ, ਹਾਥੀ, ਮੋਤੀ, ਪਾਰਾ, ਚੀਨ ਦਾ ਰੇਸ਼ਮ ਮਖਮਲ ਆਦਿ ਆਯਾਤ ਵਿਚ ਪ੍ਰਮੁੱਖ ਸਨ। ਸਾਮਰਾਜ ਦੇ ਭਿੰਨ-ਭਿੰਨ ਪ੍ਰਕਾਰ ਦੇ ਸਿੱਕੇ ਸਨ ਜੋ ਸੋਨੇ ਅਤੇ ਤਾਂਬੇ ਦੇ ਹੁੰਦੇ ਸਨ। ਸਿੱਕਿਆਂ ਉਤੇ ਭਿੰਨ ਭਿੰਨ ਦੇਵਤਿਆਂ ਅਤੇ ਜਾਨਵਰਾਂ ਦੇ ਚਿੰਨ੍ਹ ਉਕਰੇ ਹੋਏ ਸਨ। ਵਿਸ਼ੇਸ਼ ਰੂਪ ਵਿਚ ਉੱਚ ਪੱਧਰ ਦੇ ਲੋਕਾਂ ਦਾ ਰਹਿਣ ਸਹਿਣ ਉੱਚਾ ਸੀ।

**ਸਮਾਜਿਕ ਜੀਵਨ :**

ਆਮ ਤੌਰ ਤੇ ਇਸਤਰੀਆਂ ਦਾ ਸਮਾਜ ਵਿਚ ਉੱਚਾ ਸਥਾਨ ਸੀ। ਇਨ੍ਹਾਂ ਵਿਚੋਂ ਕੁਝ ਆਪਣੇ ਸਮੇਂ ਵਿਚ ਰਾਜਨੀਤਿਕ, ਸਮਾਜਿਕ ਅਤੇ ਸਾਹਿਤਿਕ ਜੀਵਨ ਵਿਚ ਹਿੱਸਾ ਪਾਉਂਦੀਆਂ ਸਨ। ਉਨ੍ਹਾਂ ਵਿਚੋਂ ਕੁਝ ਨੂੰ ਪਹਿਲਵਾਨੀ, ਸੰਗੀਤ, ਲਲਿਤ ਕਲਾਵਾਂ ਤੋਂ ਇਲਾਵਾ ਵੱਡੀ ਮਾਤਰਾ ਵਿਚ ਸਾਹਿਤਿਕ ਸਿੱਖਿਆ ਪ੍ਰਾਪਤ ਹੁੰਦੀ ਸੀ। ਰਾਜ ਸਮਾਜਿਕ ਮਾਮਲਿਆਂ ਵਿਚ ਦਖਲਅੰਦਾਜ਼ੀ ਨਹੀਂ ਕਰਦਾ ਸੀ। ਰਾਜ ਵਿਚ ਸਤੀ ਪ੍ਰਥਾ ਪ੍ਰਚਲਿਤ ਸੀ। ਖੁਰਾਕ ਸੰਬੰਧੀ ਕੋਈ ਰੋਕ ਨਹੀਂ ਸੀ। ਸਬਜ਼ੀਆਂ ਦੇ ਪ੍ਰਯੋਗ ਤੋਂ ਇਲਾਵਾ ਕਈ ਲੋਕ ਮਾਸਾਹਾਰੀ ਵੀ ਸਨ। ਬਲਦਾਂ ਅਤੇ ਗਊਆਂ ਦਾ ਸਤਿਕਾਰ ਕੀਤਾ ਜਾਂਦਾ ਸੀ। ਬ੍ਰਾਹਮਣ ਜੀਵ ਹੱਤਿਆ ਦੇ ਵਿਰੁੱਧ ਸਨ। ਕਈ ਵਾਰ ਹਾਕਮ ਜਾਨਵਰਾਂ ਦੀ ਬਲੀ ਦਿੰਦੇ ਸਨ।

**ਕਲਾ ਅਤੇ ਸਾਹਿਤ :**

ਕਲਾ ਅਤੇ ਸਾਹਿਤ ਦੇ ਖੇਤਰ ਵਿਚ ਸ਼ਾਨਦਾਰ ਪ੍ਰਾਪਤੀਆਂ ਇਸ ਸਾਮਰਾਜ ਦੇ ਪੱਖ ਵਿੱਚ ਜਾਂਦੀਆਂ ਸਨ। ਹਾਕਮ ਜਾਂ ਸ਼ਾਸ਼ਕ ਭਿੰਨ-ਭਿੰਨ ਭਾਸ਼ਾਵਾਂ ਦੇ ਸਰਪ੍ਰਸਤ ਸਨ ਜਿਵੇਂ ਸੰਸਕ੍ਰਿਤ, ਤੇਲਗੂ, ਤਮਿਲ ਅਤੇ ਕੰਨੜ। ਕ੍ਰਿਸ਼ਨ ਦੇਵ ਦਾ ਸਮਾਂ ਦੱਖਣੀ ਭਾਰਤ ਦੇ ਸਾਹਿਤਿਕ ਇਤਿਹਾਸ ਦੇ ਨਵੇਂ ਯੁੱਗ ਦਾ ਆਰੰਭ ਸੀ। ਉਹ ਆਪ ਕਿਉਂ ਜੋ ਇਕ ਵਿਦਵਾਨ, ਸੰਗੀਤਕਾਰ ਅਤੇ ਕਵੀ ਸੀ ਇਸ ਲਈ ਉਸ ਨੇ ਆਪਣੇ ਆਲੇ ਦੁਆਲੇ ਕਵੀ, ਵਿਦਵਾਨ ਅਤੇ ਧਾਰਮਿਕ ਗੁਰੂ ਰੱਖੇ ਜਿਨ੍ਹਾਂ ਨੂੰ ਉਸ ਨੇ ਧਨ-ਦੌਲਤ, ਜ਼ਮੀਨ ਅਤੇ ਸ਼ਾਨਦਾਰ ਤੋਹਫਿਆਂ ਨਾਲ ਸਨਮਾਨਿਤ ਕੀਤਾ।

ਕਲਾ ਅਤੇ ਭਵਨ ਨਿਰਮਾਣ ਦੇ ਖੇਤਰ ਵਿਚ ਸ਼ਾਨਦਾਰ ਉਨਤੀ ਹੋਈ। ਪੁਰਾਤਨ ਰਾਜਧਾਨੀ ਦੇ ਖੰਡਰ ਸਥਾਨਕ ਕਲਾਕਾਰਾਂ ਦੇ ਨਿਆਰੇ ਭਵਨ ਨਿਰਮਾਣ, ਮੂਰਤੀ ਕਲਾ ਅਤੇ ਚਿੱਤਰ ਕਲਾ ਉਤੇ ਰੌਸ਼ਨੀ ਪਾਉਂਦੇ

ਹਨ। ਕ੍ਰਿਸ਼ਨ ਦੇਵ ਰਾਏ ਦੇ ਸਮੇਂ ਬਣਿਆ ਹਾਜ਼ਰਾ ਦਾ ਪ੍ਰਸਿੱਧ ਮੰਦਰ ਬਹੁਤ ਸ਼ਾਨਦਾਰ ਸੀ। ਚਿੱਤਰ ਕਲਾ ਨੇ ਕਮਾਲ ਦਾ ਦਰਜਾ ਪ੍ਰਾਪਤ ਕੀਤਾ ਅਤੇ ਸੰਗੀਤ ਕਲਾ ਤੇਜ਼ੀ ਨਾਲ ਉਨਤ ਹੋਣ ਲੱਗੀ।

**ਵਿਜੈ ਨਗਰ ਸਾਮਰਾਜ ਦੇ ਪਤਨ ਦੇ ਕਾਰਨ :**

ਸਭ ਤੋਂ ਪਹਿਲਾ ਤੱਥ ਇਹ ਹੈ ਕਿ ਸਾਮਰਾਜ ਦੇ ਹਾਕਮ ਨਿਰਕੁਸ਼ ਸਨ ਅਤੇ ਉਨ੍ਹਾਂ ਨੇ ਸਮੁੱਚੀ ਪ੍ਰਬੰਧਕ ਸ਼ਕਤੀ ਆਪਣੇ ਹੱਥਾਂ ਵਿਚ ਕੇਂਦਰਿਤ ਕੀਤੀ ਹੋਈ ਸੀ। ਸਿੱਟੇ ਵਜੋਂ ਜਨਤਾ ਨੇ ਹਾਕਮਾਂ ਦੇ ਸੰਕਟ ਸਮੇਂ ਉਨ੍ਹਾਂ ਦਾ ਸਾਥ ਨਾ ਦਿੱਤਾ। ਕ੍ਰਿਸ਼ਨ ਦੇਵ ਰਾਏ ਉਪਰੰਤ ਉਸ ਦੇ ਉਤਰਾਅਧਿਕਾਰੀ ਕਮਜ਼ੋਰ ਸ਼ਾਸ਼ਕ ਸਾਬਿਤ ਹੋਏ। ਲਗਾਤਾਰ ਤਬਦੀਲੀਆਂ ਅਤੇ ਰਾਜਨੀਤਿਕ ਅਸਥਿਰਤਾ ਦੇ ਕਾਰਨ ਸਾਮਰਾਜ ਨੂੰ ਬਹੁਤ ਹਾਨੀ ਦਾ ਸਾਹਮਣਾ ਕਰਨਾ ਪਿਆ ਅਤੇ ਦਰਬਾਰ ਸਾਜਿਸ਼ਾਂ ਦਾ ਕੇਂਦਰ ਬਣ ਗਿਆ। ਗਵਾਂਢੀ ਬਾਹਮਣੀ ਰਾਜ ਨਾਲ ਨਿਰੰਤਰ ਜਦੋਜਹਿਦ ਜਾਰੀ ਰਹੀ। ਇਨ੍ਹਾਂ ਖ਼ੂਨੀ ਜੰਗਾਂ ਕਾਰਨ ਸਾਮਰਾਜ ਦਾ ਵੱਡਾ ਮਨੁੱਖੀ ਅਤੇ ਮਾਲੀ ਨੁਕਸਾਨ ਹੋਇਆ। ਇਸ ਸਮੇਂ ਦੌਰਾਨ ਹਾਕਮ ਪ੍ਰਬੰਧ ਵੱਲ ਧਿਆਨ ਨਾ ਦੇ ਸਕੇ। ਸਮਾਜ ਨੂੰ ਜਾਤੀ ਪ੍ਰਥਾ ਦਾ ਨੁਕਸਾਨ ਵੀ ਝੱਲਣਾ ਪਿਆ। ਮੁਸਲਮਾਨਾਂ ਦੇ ਨਿਆਈ ਹਿੰਦੂਆਂ ਵਿਚ ਵੀ ਏਕਤਾ ਨਹੀਂ ਸੀ। ਸਾਮਰਾਜ ਦੀਆਂ ਹੱਦਾਂ ਦੀ ਰਾਖੀ ਅਤੇ ਜੰਗਾਂ ਸਮੇਂ ਕੇਵਲ ਕਸ਼ੱਤਰੀ ਹੀ ਨਿਤਰ ਕੇ ਸਾਹਮਣੇ ਆਉਂਦੇ ਸਨ। ਪ੍ਰਾਂਤਕ ਗਵਰਨਰ ਅਜ਼ਾਦੀ ਦਾ ਨਿਘ ਮਾਣਦੇ ਰਹੇ ਜਿਸ ਕਾਰਨ ਕੇਂਦਰੀ ਪ੍ਰਬੰਧ ਕਮਜ਼ੋਰ ਹੋ ਗਈ, ਜਿਸ ਦੇ ਸਿੱਟੇ ਵਜੋਂ ਸਾਮਰਾਜ ਟੁੱਟਣਾ ਸ਼ੁਰੂ ਹੋ ਗਿਆ। ਬਹੁਤ ਸਾਰੀਆਂ ਸਹੂਲਤਾਂ ਦੇ ਬਾਵਜੂਦ ਵੀ ਸਾਮਰਾਜ ਨਿਰੰਤਰ ਵਪਾਰਕ ਸਰਗਰਮੀ ਵਿਚ ਅਸਫਲ ਰਿਹਾ। ਅਸਥਾਈ ਲਾਭ ਦੇਖਦੇ ਹੋਏ ਹਾਕਮਾਂ ਨੇ ਪੁਰਤਗਾਲੀਆਂ ਨੂੰ ਪੱਛਮੀ ਬੰਦਰਗਾਹ ਉਤੇ ਸਥਾਪਿਤ ਹੋਣ ਦੀ ਆਗਿਆ ਦੇ ਦਿੱਤੀ ਜਿਸ ਦੇ ਫਲਸਰੂਪ ਸਾਮਰਾਜ ਨੂੰ ਸੁਰੱਖਿਆ ਦੀ ਦ੍ਰਿਸ਼ਟੀ ਤੋਂ ਅਸਥਿਰਤਾ ਦਾ ਸਾਹਮਣਾ ਕਰਨਾ ਪਿਆ। 1565 ਈ. ਵਿਚ ਤਾਲੀਕੋਟਾ ਦੀ ਜੰਗ ਕਾਰਨ ਵਿਜੈਨਗਰ ਸਾਮਰਾਜ ਦੀ ਸ਼ਾਨੋ ਸ਼ੌਕਤ ਅਤੇ ਸ਼ਕਤੀ ਨੂੰ ਵੱਡਾ ਧੱਕਾ ਲੱਗਿਆ। ਉਪਰੋਕਤ ਵਿਜੈ ਨਗਰ ਸਾਮਰਾਜ ਦੇ ਪਤਨ ਦੇ ਪ੍ਰਮੁੱਖ ਕਾਰਨ ਹਨ।

## ਸੰਬੰਧਤ ਸਿੱਖਿਆ ਲਈ ਹੋਰ ਪੁਸਤਕਾਂ


1. R.C. Majumdar, K.K. Datta & H.C. Ray Chaudhari : An Advanced History of India
2. N.K. Shastri : History of South India

| | | | |
|---|---|---|---|
| 3. | S.K. Ayyanger | : | South India and her Muhammadan Invaders |
| 4. | V. Venakata Ramanayya | : | Vijyanagar-Origin of the City and the Empire |

## ਛੋਟੇ ਪ੍ਰਸ਼ਨ :

1. ਵਿਜੈ ਨਗਰ ਸਾਮਰਾਜ ਦੀ ਉਤਪਤੀ ਕਿਵੇਂ ਹੋਈ?
2. ਹਰੀ ਹਰ ਪਹਿਲਾ ਅਤੇ ਦੂਜਾ ਕੌਣ ਸਨ?
3. ਸਾਮਰਾਜ ਦੇ ਪੁਰਤਗਾਲੀਆ ਨਾਲ ਸੰਬੰਧ ਵਰਣਨ ਕਰੋ?
4. ਬਾਹਮਣੀ ਸਲਤਨਤ ਦੀ ਜਾਣਕਾਰੀ ਦਿਓ।

## ਵੱਡੇ ਜਾਂ ਲੰਮੇ ਪ੍ਰਸ਼ਨ :

1. ਹਰੀ ਹਰੀ ਅਤੇ ਬੁੱਕਾ ਰਾਏ ਦੀਆਂ ਪ੍ਰਾਪਤੀਆਂ ਦੀ ਵਿਆਖਿਆ ਕਰੋ?
2. ਵਿਜੈ ਨਗਰ ਸਾਮਰਾਜ ਦੀ ਉਤਪਤੀ ਦਾ ਵਰਣਨ ਕਰੋ?
3. ਕ੍ਰਿਸ਼ਨ ਦੇਵ ਦੀਆਂ ਪ੍ਰਾਪਤੀਆਂ ਵਿਸਥਾਰ ਵਿਚ ਲਿਖੋ?
4. ਵਿਜੈ ਨਗਰ ਸਾਮਰਾਜ ਦਾ ਪਤਨ ਕਿਉਂ ਅਤੇ ਕਿਵੇਂ ਹੋਇਆ? ਵਿਸਥਾਰ ਵਿਚ ਲਿਖੋ।